# ਅਨਵਿਆਹੀ ਮਾਂ

"ਅਨਵਿਆਹੀ ਮਾਂ" ਮੇਰੀ ਉਹ ਕਹਾਣੀ ਹੈ, ਜਿਸ ਨੇ ਮੈਥੋਂ ਮੇਰੇ ਕਈ ਸਨੇਹੀ ਖੋਹ ਲਏ, ਕਈਆਂ ਦੇ ਘਰਾਂ ਵਿਚੋਂ ਮੈਨੂੰ ਤੇ 'ਪ੍ਰੀਤ ਲੜੀ' ਨੂੰ ਹਮੇਸ਼ਾਂ ਲਈ ਕੱਢ ਦਿੱਤਾ, ਕਈਆਂ ਕੋਲੋਂ ਜਿਹੜੇ ਮੈਨੂੰ ਚੰਗਾ ਆਦਮੀ ਸਮਝਿਆ ਕਰਦੇ ਸਨ, ਬਦਮਾਸ਼ ਦਾ ਲਕਬ ਦੁਆਇਆ। 'ਅਨਵਿਆਹੀ ਮਾਂ' ਕੁਝ ਹੋਰ ਨਹੀਂ, ਇਹ ਮੇਰੀ ਆਤਮਾ ਹੈ।

ਗੁਰਬਖ਼ਸ਼ ਸਿੰਘ

# TO THE READER

KINDLY use this book very carefully. If the book is disfigured or marked or written on while in your possession the book will have to be replaced by a new copy or paid for. In case the book be a volume of set of which single volumes are not available the price of the whole set will be realized.

Checked

82

AMARSINGH COLLEGE

Checked

Library

Class No. G83r

Book No. G92An

Acc. No. 3486

*Unmarried mother*

# ਅਨਵਿਆਹੀ ਮਾਂ

## ਇਸ ਕਰਤਾ ਦੀਆਂ ਹੋਰ ਪੁਸਤਕਾਂ—

ਕਹਾਣੀਆਂ :

ਪ੍ਰੀਤ ਕਹਾਣੀਆਂ
ਵੀਣਾ ਵਿਨੋਦ
ਅਨੋਖੇ ਤੇ ਇਕੱਲੇ

ਡਰਾਮੇ :

ਰਾਜਕੁਮਾਰੀ ਲਤਿਕਾ

ਲੇਖ :

ਪ੍ਰੀਤ-ਮਾਰਗ
ਰੋਜ਼ਾਨਾ ਜ਼ਿੰਦਗੀ ਦੀ ਸਿਖਿਆ
ਫ਼ੈਸਲੇ ਦੀ ਘੜੀ
ਸਾਵੀਂ ਪੱਧਰੀ ਜ਼ਿੰਦਗੀ

ਅਨੁਵਾਦ :

ਏਸ਼ੀਆ ਦਾ ਚਾਨਣ
ਸੁਪਨੇ

# ਅਨਵਿਆਹੀ ਮਾਂ

ਗੁਰਬਖ਼ਸ਼ ਸਿੰਘ

ਪ੍ਰੀਤ ਲੜੀ ਪਬਲਿਸ਼ਰਜ਼

ਪ੍ਰੀਤ ਨਗਰ • ਲਾਹੌਰ

ਪ੍ਰੀਤ ਲੜੀ ਸੀਰੀਜ਼ ਨੰਬਰ ੨

acc. no: 3486

ਪਹਿਲੀ ਵਾਰ – ('ਪ੍ਰੀਤ ਲੜੀ' ਵਿਚ)
ਦੂਜੀ ਵਾਰ – ('ਪ੍ਰੀਤ ਕਹਾਣੀਆਂ' ਵਿਚ)
ਤੀਜੀ ਵਾਰ – ੧੯੪੨

ਪ੍ਰੀਤ ਸੈਨਿਕ ਪ੍ਰੈਸ, ਪ੍ਰੀਤ ਨਗਰ ਵਿਚ ਗੁਰਬਖ਼ਸ਼ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਦੇ ਪ੍ਰਬੰਧ ਹੇਠ ਛਪੀ, ਤੇ ਪ੍ਰੀਤ ਨਗਰ ਤੋਂ ਪ੍ਰਕਾਸ਼ਤ ਹੋਈ।

ਨਵਤੇਜ ਨੂੰ

ਜਿਸ ਕੋਲੋਂ

ਮੈਂ ਆਸ ਰਖਦਾ ਹਾਂ ਕਿ ਉਹ

ਗ਼ਲਤ ਕੀਮਤਾਂ ਦੀ ਚਟਾਨ ਨਾਲ

ਮੱਥਾ ਮਾਰਨੋਂ ਦਰੇਗ਼ ਨਹੀਂ ਕਰੇਗਾ

# ਪਰਵੇਸ਼

ਮੇਰੀ ਕੋਈ ਕਹਾਣੀ ਨੁਕਤਾ ਚੀਨੀ ਤੋਂ ਬਿਨਾਂ ਪੜ੍ਹੀ ਜਾਣ ਵਾਲੀ ਨਹੀਂ ਹੁੰਦੀ – ਕਿਉਂਕਿ ਅਜੇ ਤਕ ਮੈਂ ਕਦੇ ਵੀ ਆਪਣੇ ਜਾਂ ਦੂਜਿਆਂ ਦੇ ਦਿਲ ਪਰਚਾਵੇ ਲਈ ਕੁਝ ਨਹੀਂ ਲਿਖ ਸਕਿਆ। ਮੇਰੀ ਲੇਖਣੀ ਦਾ ਹਰ ਭਾਗ ਗ਼ਲਤ ਕੀਮਤਾਂ ਦੇ ਖ਼ਿਲਾਫ਼ ਪ੍ਰਗਟ ਜਾਂ ਅਪ੍ਰਗਟ ਗਿਲਾ ਹੈ। ਮੇਰਾ ਯਕੀਨ ਹੈ ਕਿ ਮਨੁੱਖ ਦੀ ਤਕਦੀਰ ਵਿਚ ਸਿਵਾਇ ਉਸ ਦੀਆਂ ਆਪ ਪ੍ਰਚਲਤ ਕੀਤੀਆਂ ਗ਼ਲਤ ਕੀਮਤਾਂ ਦੇ ਹੋਰ ਕੋਈ ਵੀ ਦੁਖ ਨਹੀਂ। ਜ਼ਿੰਦਗੀ ਹਰ ਕਿਸੇ ਲਈ ਇਕ ਦਿਲਚਸਪ ਘਟਨਾ ਹੈ – ਅਮੀਰ ਤੇ ਗ਼ਰੀਬ, ਦੋਵਾਂ ਲਈ। ਨਾ ਜ਼ਿੰਦਗੀ ਤੋਂ ਪਹਿਲਾਂ ਕੋਈ ਮੁਸੀਬਤ ਸੀ, ਨਾ ਜ਼ਿੰਦਗੀ ਤੋਂ ਪਿਛੋਂ ਕੋਈ ਹੋਵੇਗੀ। ਸਾਰੀਆਂ ਮੁਸੀਬਤਾਂ ਦਾ ਜਾਲ ਮਨੁੱਖ ਨੇ ਗ਼ਲਤ ਕੀਮਤਾਂ ਤੇ ਗ਼ਲਤ ਅਨੁਮਾਨਾਂ ਨਾਲ ਆਪ ਉਣਿਆ ਹੈ। ਜਦੋਂ ਵੀ ਮਨੁੱਖ ਇਸ ਜਾਲ ਨੂੰ ਤੋੜਨ ਦਾ ਹੌਸਲਾ ਕਰ ਲਵੇਗਾ ਉਦੋਂ ਹੀ ਉਸ ਲਈ ਜ਼ਿੰਦਗੀ ਇਕ ਅਨੂਪਮ ਰਚਨਾ ਬਣ ਸਕਦੀ ਹੈ।

ਪਰ "ਅਣਵਿਆਹੀ ਮਾਂ" ਮੇਰੀ ਉਹ ਕਹਾਣੀ ਹੈ, ਜਿਸ ਨੇ ਮੈਥੋਂ

ਮੇਰੇ ਕਈ ਸਨੇਹੀ ਖੋਹ ਲਏ, ਕਈਆਂ ਦੇ ਘਰਾਂ ਵਿਚੋਂ ਮੈਨੂੰ ਤੇ 'ਪ੍ਰੀਤ ਲੜੀ' ਨੂੰ ਹਮੇਸ਼ਾ ਲਈ ਕਢਾ ਦਿੱਤਾ; ਕਈਆਂ ਕੋਲੋਂ, ਜਿਹੜੇ ਮੈਨੂੰ ਚੰਗਾ ਆਦਮੀ ਸਮਝਿਆ ਕਰਦੇ ਸਨ, ਬਦਮਾਸ਼ ਦਾ ਲਕਬ ਦੁਆਇਆ।

ਇਸ ਕਹਾਣੀ ਦਾ ਤੀਜਾ ਐਡੀਸ਼ਨ ਪਬਲਿਕ ਦੇ ਸਾਹਮਣੇ ਪੇਸ਼ ਕਰ ਕੇ ਮੈਂ ਇਹ ਜਤਲਾਣਾ ਨਹੀਂ ਚਾਹੁੰਦਾ ਕਿ ਮੇਰੇ ਨਾਲ ਬੇ ਇਨਸਾਫ਼ੀ ਕੀਤੀ ਗਈ ਹੈ। ਮੈਂ ਸਿਰਫ਼ ਹੋਰ ਵਧੇਰੇ ਜ਼ੋਰ ਨਾਲ ਦਸਣਾ ਚਾਹੁੰਦਾ ਹਾਂ, ਕਿ ਮੈਂ ਆਪਣੇ ਆਪ ਨੂੰ ਇਸ ਕਹਾਣੀ ਨਾਲੋਂ ਵਧੇਰੇ ਪਵਿੱਤ੍ਰ ਖ਼ਿਆਲ ਨਹੀਂ ਕਰਦਾ। ਜੇ ਇਸ ਕਹਾਣੀ ਦਾ ਚਾਲ ਚਲਨ ਪਰਵਾਨ ਨਹੀਂ ਤਾਂ ਮੈਂ ਵੀ ਅਪਰਵਾਨ ਹੀ ਰਹਿਣਾ ਮਨਜ਼ੂਰ ਕਰਦਾ ਹਾਂ। "ਅਨਵਿਆਹੀ ਮਾਂ" ਕੁਝ ਕੋਈ ਹੋਰ ਨਹੀਂ, ਇਹ ਮੇਰੀ ਆਪਣੀ ਆਤਮਾ ਹੈ। ਇਸ ਦਾ ਰੋਸ ਮੇਰਾ ਰੋਸ ਹੈ।

ਪਾਠਕਾਂ ਨੇ ਗ਼ਲਤ ਸਮਝਿਆ ਹੈ, ਕਿ ਮੈਂ ਕਿਸੇ "ਅਨਵਿਆਹੀ ਮਾਂ" ਨੂੰ ਭਾਈਚਾਰਕ ਰਾਇ-ਜ਼ਨੀ ਲਈ ਪੇਸ਼ ਕੀਤਾ ਸੀ। ਨਹੀਂ, ਮੈਂ ਇਕ ਪੱਥਰ-ਦਿਲ ਭਾਈਚਾਰੇ ਨੂੰ ਲੋਕ-ਰਾਇ ਦੀ ਕਚਹਿਰੀ ਵਿਚ ਉਸ ਦਾ ਫੋਕੇ ਅਭਿਮਾਨਾਂ ਦਾ ਪੱਗੜ ਲਾਹ ਕੇ ਗੰਜ ਨੰਗਿਆਂ ਕਰਨ ਲਈ ਲਿਆਂਦਾ ਸੀ। ਮੇਰੇ ਭੋਲੇ ਜੱਜਾਂ ਨੇ ਗ਼ਲਤ ਤਨਕੀਹ ਉੱਤੇ ਆਪਣਾ ਸਮਾਂ ਗੁਆ-ਇਆ ਹੈ। "ਅਨਵਿਆਹੀ ਮਾਂ" ਮੁਜਰਿਮ ਨਹੀਂ, ਇਕ ਮਜ਼ਲੂਮ ਗਵਾਹ ਹੈ। ਉਸ ਦੀ ਵਡਮੁਲੀ ਪਵਿੱਤਰ ਆਤਮਾ ਨੂੰ ਜ਼ਾਲਿਮ ਮੁਜਰਿਮ ਨੇ ਆਪਣੀਆਂ ਰਸਮਾਂ ਦੇ ਅੰਗ-ਤੋੜ ਚਰਖ਼ ਤੇ ਚਾੜ੍ਹ ਕੇ ਬੇਜ਼ਾਰ ਤੇ ਬੇ-ਇੱਜ਼ਤ ਕੀਤਾ ਹੈ।

ਮੈਂ ਮਜ਼ਲੂਮ ਦਾ ਵਕੀਲ ਹਾਂ – ਮੇਰੀ ਸਾਰੀ ਆਤਮਾ ਉਸ ਦੀ ਹਾਮੀ ਭਰਦੀ ਹੈ।

ਜੇ ਇਹ ਸਿਰਫ਼ ਕਹਾਣੀ ਹੁੰਦੀ, ਤਾਂ ਇਸ ਨੂੰ ਪਰਵਾਨ ਕਰਾਣਾ ਲੇਖਕ ਦੀ ਇੱਛਾ ਹੁੰਦੀ, ਤੇ ਉਹ ਬੜੀ ਆਸਾਨੀ ਨਾਲ ਪ੍ਰਭਾ ਦਾ ਵਿਆਹ ਕਿਸੇ ਪਾਂਧੇ ਪ੍ਰੋਹਤ ਕੋਲੋਂ ਪੜ੍ਹਵਾ ਦੇਂਦਾ, ਤੇ ਭਾਈਚਾਰਕ ਕ੍ਰੋਪੀ ਦੇ ਘਣ-

ਛੱਤੇ ਨੂੰ ਮਗਰ ਨਾ ਪੁਆਂਦਾ। ... ... ... ਪਰ ਇਹ ਕਹਾਣੀ ਨਹੀਂ, ਫ਼ਰਿਆਦ ਹੈ – ਉਸ ਬੇ ਗੁਨਾਹ ਪਰ ਖ਼ੁਦਮੁਖਤਾਰ ਆਤਮਾ ਦੀ, ਜਿਸ ਦੀ ਅਨਟੁਟ ਈਸ਼੍ਵਰ-ਸ਼ਰਧਾ ਨੂੰ ਨਾਸਤਕ ਭਾਈਚਾਰਾ ਕੁਫ਼ਰ ਆਖਦਾ ਹੈ, ਜਿਸ ਦੀ ਬੇ-ਦਾਗ਼ ਦਿਆਨਤਦਾਰੀ ਨੂੰ ਬਦ-ਦਿਆਨਤ ਲੋਕ ਠੱਗੀ ਆਖਦੇ ਹਨ, ਜਿਸ ਦੀ ਸਾਦਗੀ ਤੇ ਜ਼ਬਤ ਨੂੰ ਅਯਾਸ਼ ਲੋਕ ਐਸ਼ ਪ੍ਰਸਤੀ ਆਖਣ ਦੀ ਹਿਮਾਕਤ ਕਰਦੇ ਹਨ, ਜਿਸ ਦੇ ਸਾਦੇ ਕਪੜਿਆਂ ਨੂੰ ਵਿਲਾਇਤੀ ਸੂਟ ਪਹਿਨਣ ਤੇ ਬਹਿਰੇ ਖ਼ਾਨਸਾਮਿਆਂ ਦੇ ਹਥੋਂ ਰੋਟੀਆਂ ਖਾਣ ਵਾਲੇ ਪੱਛਮੀ ਤਹਿਜ਼ੀਬ ਦਾ ਇਸ਼ਕ ਆਖਦੇ ਹਨ।

ਠੀਕ ਇਹ ਇਕ ਜ਼ਖ਼ਮੀ ਰੂਹ ਦੀ ਫ਼ਰਿਆਦ ਹੈ ਕਿ : ਮਨੁੱਖੀ ਚਾਲ ਦੀ ਦੁਰਲਭ ਖ਼ੂਬਸੂਰਤੀ ਦਾ ਭਾਈਚਾਰੇ ਨੇ ਨਾ ਸਿਰਫ਼ ਕੋਈ ਮੁੱਲ ਹੀ ਨਹੀਂ ਪਾਇਆ, ਸਗੋਂ ਉਸ ਨੂੰ ਦੋਸ਼ੀ ਆਖ ਕੇ ਉਹ ਸਜ਼ਾ ਦਿੱਤੀ ਹੈ ਜਿਹੜੀ ਵਡੇ ਗੁਨਾਹਗਾਰਾਂ ਨੂੰ ਵੀ ਨਹੀਂ ਦਿੱਤੀ ਜਾਂਦੀ।

ਸ੍ਵੈ-ਵਾਸ਼ਨਾ ਤੋਂ ਬੇਵਸ ਹੋ ਕੇ ਅਨੇਕਾਂ ਔਖੇ ਸੰਜੋਗ ਇਸਤ੍ਰੀਆਂ ਮਰਦਾਂ ਨੇ ਬਣਾਏ ਹਨ। ਇਹ ਸੰਜੋਗ ਹੀਰ-ਰਾਂਝੇ, ਲੈਲਾ ਮਜਨੂੰ, ਸੋਹਣੀ ਮਹੀ-ਵਾਲ, ਸ਼ੀਰੀਂ ਫਰਹਾਦ ਆਦਿ ਵਰਗੀਆਂ ਪ੍ਰੇਮ-ਕਹਾਣੀਆਂ ਵਿਚ ਅਮਰ ਕੀਤੇ ਗਏ ਹਨ। ਧਾਰਮਕ ਗ੍ਰੰਥਾਂ ਵਿਚ ਵੀ ਇਹਨਾਂ ਦਾ ਜ਼ਿਕਰ ਪ੍ਰਸੰਸਾ ਨਾਲ ਕੀਤਾ ਗਿਆ ਹੈ। ਪਰ ਅਸਲ ਵਿਚ ਇਹ ਸੰਜੋਗ ਕੀ ਸਨ ? ਇਸਤ੍ਰੀ-ਪ੍ਰਕ੍ਰਿਤੀ ਦੀ ਮਰਦ-ਪ੍ਰਕ੍ਰਿਤੀ ਲਈ ਕੁਦਰਤੀ ਤੜਪਣ ਤੇ ਔਖਿਆਈਆਂ ਝਾਗ ਕੇ ਆਪਣੇ ਪ੍ਰੀਤਮ ਦੀ ਪ੍ਰਾਪਤੀ। ਇਨ੍ਹਾਂ ਕਹਾਣੀਆਂ ਵਿਚ ਜਿੱਤ ਮਨੁਖ ਆਤਮਾ ਦੀ ਨਹੀਂ, ਮਨੁੱਖ ਪ੍ਰਕ੍ਰਿਤੀ ਦੀ ਹੈ।

ਪਰ "ਅਨਵਿਆਹੀ ਮਾਂ" ਦੀ 'ਹੀਰੋ' ਪ੍ਰਕ੍ਰਿਤੀ ਨਹੀਂ, ਮਨੁਖ-ਆਤਮਾ ਹੈ। ਪ੍ਰਕਿਰਤੀ ਉੱਤੇ ਮਨੁਖ-ਆਤਮਾ ਦੀ ਫਤਹਿ ਇਸ ਕਹਾਣੀ ਦੀ ਚੂਲ ਹੈ।

ਪ੍ਰਭਾ ਨੂੰ ਚਿਤਰੰਜਨ ਨਾਲ ਕੋਈ ਪਿਆਰ ਨਹੀਂ ਸੀ। ਕਦੇ ਉਸ ਨੂੰ ਆਪਣਾ ਪਤੀ ਜਾਂ ਸਾਥੀ ਬਨਾਣ ਲਈ ਉਸ ਦੇ ਮਨ ਵਿਚ ਖ਼ਿਆਲ ਨਹੀਂ

ਆਇਆ ਸੀ, ਕਦੇ ਉਸ ਦੇ ਬਹੁਤ ਨੇੜੇ ਜਾਣ ਦੀ ਖ਼ਾਹਿਸ਼ ਉਸ ਦੇ ਮਨ ਵਿਚੋਂ ਲੰਘੀ ਨਹੀਂ ਸੀ। ਉਹ ਇਕ ਸ਼ਾਮ ਹਥ-ਕੜੀਆਂ ਬੇੜੀਆਂ ਵਿਚ ਅਚਾਨਕ ਦਿਸਦਾ ਹੈ। ਇਸ ਦਸ਼ਾ ਵਿਚ ਕਈ ਲੱਗੀਆਂ ਪ੍ਰੀਤਾਂ ਸ਼ੰਕੇ ਵਿਚ ਪੈ ਜਾਂਦੀਆਂ ਹਨ, ਉਸ ਦੇ ਫਾਂਸੀ ਦਿੱਤੇ ਜਾਣ ਵਿਚ ਸ਼ੱਕ ਦੀ ਗੁੰਜਾਇਸ਼ ਨਹੀਂ ਲਭਦੀ। ਕੋਈ ਪੁਰਾਣੀ ਸਾਂਝ ਨਹੀਂ, ਨਾ ਇਕਰਾਰ ਹੈ – ਲਿੰਗ-ਰੁਚੀਆਂ ਦਾ ਇਸ ਅਵਸਥਾ ਵਿਚ ਜ਼ਿਕਰ ਹੀ ਨਹੀਂ ਆ ਸਕਦਾ।

ਉਸ ਵੇਲੇ ਪ੍ਰਭਾ ਦੇ ਅੰਦਰ ਅਰਮਾਨ ਪੈਦਾ ਕਰਨ ਵਾਲਾ ਇਕ ਖ਼ਿਆਲ ਬਾਰ ਬਾਰ ਉਠਦਾ ਹੈ: ਕਿ ਇਸ ਆਦਮੀ ਨੂੰ ਬੜੀ ਬੇ-ਇਨ-ਸਾਫ਼ੀ ਨਾਲ ਸਾਡੀ ਦੁਨੀਆ ਵਿਚੋਂ ਕੱਢਿਆ ਜਾ ਰਿਹਾ ਹੈ। ਇਸ ਬੇ-ਗੁਨਾਹ ਜ਼ਿੰਦੜੀ ਦਾ ਦੁਨੀਆ ਵਿਚ ਕੋਈ ਵਕੀਲ ਨਹੀਂ। ਉਸ ਦੀ ਹੋਣ-ਹਾਰ ਜਵਾਨੀ ਤੇ ਬੇ-ਯਾਰ ਅਵਸਥਾ ਉੱਤੇ ਪ੍ਰਭਾ ਨੂੰ ਤਰਸ ਆਉਂਦਾ ਹੈ – ਏਡੀ ਚੌੜੀ ਦੁਨੀਆ ਵਿਚ ਕੋਈ ਹਿਤੈਸ਼ੀ ਨਹੀਂ, ਪਿਉ ਨੇ ਛਡ ਦਿੱਤਾ ਹੈ – ਉਹਦੀ ਨਿੰਮੋਝੂਨਤਾ ਦੀ ਰਾਤ ਵਿਚ ਅਚਾਨਕ ਇਕ ਮਿਤ੍ਰ-ਮੁਖ ਲਿਸ਼ਕਿਆ ਹੈ – ਕਲ੍ਹ ਉਸ ਦੀ ਦੁਨੀਆ ਫੇਰ ਖ਼ਾਲੀ ਹੋ ਜਾਵੇਗੀ, ਕੋਈ ਮਿੱਠੀ ਯਾਦ ਨਹੀਂ ਹੋਣੀ, ਕੋਈ ਸੁਪਨਾ ਨਹੀਂ ਆਉਣਾ: ਆਹ! ਕੇਡਾ ਮੁਸ਼ਕਿਲ ਹੈ ਫਾਂਸੀ ਦੇ ਤਖ਼ਤੇ ਤੇ ਚੜ੍ਹਨਾ, ਜੇ ਦਿਲ ਵਿਚ ਕਿਸੇ ਨਿੱਕੀ ਜਿਹੀ ਜਿੱਤ ਦਾ ਆਸਰਾ ਵੀ ਨਾ ਹੋਵੇ।

ਇਹ ਆਸਰਾ ਦੇਣ ਲਈ ਪ੍ਰਭਾ ਆਪਣਾ ਸਾਰਾ ਚਮਕਦਾ ਭਵਿਸ਼ ਭੇਟ ਕਰਦੀ ਹੈ। ਕਿਨ੍ਹੂੰ? ਜਿਹੜਾ ਘੜੀ ਕੁ ਪਹਿਲੋਂ ਉਸ ਦਾ ਕੁਝ ਵੀ ਨਹੀਂ ਸੀ, ਤੇ ਕੁਝ ਦਿਨਾਂ ਮਗਰੋਂ ਜਿਸ ਦਾ ਕੁਝ ਵੀ ਦੁਨੀਆ ਵਿਚ ਬਾਕੀ ਨਹੀਂ ਰਹਿ ਜਾਣਾ।

ਪ੍ਰਭਾ, ਜਿਹੋ ਜਿਹਾ ਪਤੀ ਚਾਹੁੰਦੀ, ਆਸ ਕਰ ਸਕਦੀ ਸੀ, ਜਿਹੜੀਆਂ ਅੱਖਾਂ ਵਿਚ ਪਰਵਾਨ ਹੋਣਾ ਚਾਹੁੰਦੀ, ਹੋ ਸਕਦੀ ਸੀ। ਉਸ ਦਾ ਦਿਲ ਅਜੇ ਸਾਬਤ ਸੀ, ਉਸ ਦੀ ਹਿੱਕ ਅਨਮੱਲੀ ਸੀ।

ਪਰ ਉਹ ਇਕ ਮੌਤ-ਮੱਲੇ ਕੈਦੀ ਦੀ ਇਕ ਖ਼ਾਲੀ ਰਾਤ ਨੂੰ ਆਪਣੇ

ਸਾਰੇ ਜੀਵਨ ਨਾਲ ਭਰ ਦੇਣ ਲਈ ਤਿਆਰ ਹੋ ਜਾਂਦੀ ਹੈ।

ਪ੍ਰਭਾ ਦੇ ਫ਼ੈਸਲੇ ਵਿਚ ਜੇ ਕਾਮ-ਵਾਸ਼ਨਾਂ ਲੇਸ ਮਾਤ੍ਰ ਵੀ ਹੁੰਦੀ ਤਾਂ ਉਹ ਆਪਣੇ ਆਪ ਨੂੰ ਕਦੇ ਵੀ ਇਸ ਮਹਾਨ ਕੁਰਬਾਨੀ ਲਈ ਤਿਆਰ ਨਾ ਕਰ ਸਕਦੀ। ਉਸ ਦਾ ਇਹ ਅਨੋਖਾ ਫ਼ੈਸਲਾ ਸਾਫ਼ ਮੰਗ ਕਰਦਾ ਸੀ, ਕਿ ਉਸ ਦਾ ਲਿੰਗ-ਜੀਵਨ ਹਮੇਸ਼ਾ ਲਈ ਖ਼ਤਮ ਹੋ ਜਾਇਗਾ। ਇਸ ਰਾਤ ਦੇ ਬਾਅਦ ਜੇ ਉਹ ਅਪਵਿਤ੍ਰ ਇਸਤ੍ਰੀ ਬਣਨਾ ਪਰਵਾਨ ਨਾ ਕਰੇਗੀ, ਤਾਂ ਉਸਨੂੰ ਹਮੇਸ਼ਾ ਲਈ ਵਿਧਵਾ ਰਹਿਣਾ ਪਵੇਗਾ।

ਉਸ ਨੇ ਸਭ ਕੀਮਤਾਂ ਤੋਲ ਕੇ ਨਿਰਨਾ ਕਰ ਲਿਆ। ਆਪਣੀ ਸੁਖਾਲੀ ਦੁਨੀਆ ਛਡਣ ਲਈ ਉਹ ਰਜ਼ਾਮੰਦ ਹੋ ਗਈ – ਕਹਿਰ-ਵਾਨ, ਬੇਇਨਸਾਫ਼, ਪਥਰ-ਦਿਲ ਦੁਨੀਆ ਵਿਚ ਦਾਖ਼ਲਾ ਮਨਜ਼ੂਰ ਕਰ ਲਿਆ।

ਇਹ ਦੁਨੀਆ ਉਸ ਨੂੰ "ਅਨਵਿਆਹੀ" ਆਖਦੀ ਹੈ। ਪਰ ਉਸ ਨੇ ਕਾਲੀਦਾਸ ਦੀ ਅਮਰ ਸ਼ਕੁੰਤਲਾ ਵਾਂਗ ਆਪਣੇ ਕਰਤੇ ਨੂੰ ਹਾਜ਼ਰ ਨਾਜ਼ਰ ਸਮਝ ਕੇ ਚਿਤਰੰਜਨ ਦੀ ਤਕਦੀਰ ਨਾਲ ਆਪਣੀ ਤਕਦੀਰ ਜੋੜੀ ਸੀ – ਏਸ ਲਈ ਨਹੀਂ ਕਿ ਸੁਹਣੀ ਜਾਂ ਹੀਰ, ਲੈਲਾ ਜਾਂ ਸ਼ੀਰੀਂ ਵਾਂਗ ਉਹ ਚਿਤਰੰਜਨ ਬਿਨਾਂ ਰਹਿ ਨਹੀਂ ਸੀ ਸਕਦੀ ਤੇ ਮਾਪਿਆਂ ਦੇ ਸਹੇੜ ਕੇ ਦਿੱਤੇ ਪਤੀ ਕੋਲੋਂ ਛੁਟਕਾਰਾ ਲੈ ਕੇ ਆਪਣੀ ਪ੍ਰਕ੍ਰਿਤੀ ਦੀ ਲਾਲਸਾ ਪੂਰੀ ਕਰਨਾ ਚਾਹੁੰਦੀ ਸੀ। ਸਿਰਫ਼ ਇਸ ਲਈ ਕਿ ਉਸ ਦੀ ਕੋਮਲ ਆਤਮਾ ਕਿਸੇ ਜਾਣੂ ਜਿੰਦੜੀ ਦਾ ਇਸ ਦੁਨੀਆ ਤੋਂ ਬੇ-ਮਿੱਤਰ ਤੇ ਬੇ-ਯਾਦ ਚਲੇ ਜਾਣਾ ਸਹਾਰ ਨਹੀਂ ਸੀ ਸਕਦੀ। ਫੇਰ ਉਸ ਨੇ ਕੀਤਾ ਕੀ ?

ਆਪਣੇ ਆਸਾਂ ਭਰੇ ਸੁਹਾਗ ਨੂੰ ਬਦਨਾਮ ਰੰਡੇਪੇ ਤੋਂ ਵਾਰ ਸੁੱਟਿਆ।

ਇਹਨੂੰ ਦੁਨੀਆ "ਅਨ-ਵਿਆਹੀ" ਆਖਦੀ ਹੈ। ਕਿੰਨੇ ਕੁ ਵਿਆਹ ਇਸ ਜ਼ਿੰਮੇਵਾਰੀ ਨਾਲ ਕੀਤੇ ਜਾਂਦੇ ਹਨ ਜਿੰਨੀ ਜ਼ਿੰਮੇਵਾਰੀ ਨਾਲ ਪ੍ਰਭਾ ਨੇ ਆਪਣਾ ਕੀਤਾ ਸੀ ? ਕਿੰਨੀਆਂ ਕੁ ਵਿਧਵਾਆਂ ਆਪਣੇ ਰੰਡੇਪੇ ਨੂੰ ਇਸ ਸਬਰ ਨਾਲ ਕਟਦੀਆਂ ਹਨ ਜਿਸ ਨਾਲ ਪ੍ਰਭਾ ਨੇ ਕੱਟਣ ਦੀ ਦ੍ਰਿੜ੍ਹਤਾ ਦੱਸੀ ਹੈ। ਕਿੰਨੀਆਂ ਕੁ ਵਿਧਵਾਆਂ ਆਪਣੇ ਇਕ-ਰਾਤ ਪਤੀ ਦੀ ਯਾਦ ਨੂੰ ਏਡਾ

ਮੁਤਬੱਰਕ ਸਮਝ ਕੇ ਸੰਭਾਲਦੀਆਂ ਹਨ ਜੇਡਾ ਪ੍ਰਭਾ ਨੇ ਸਮਝਿਆ ਸੀ ?

ਪਿਤਾ ਕਹਿੰਦਾ ਹੈ, ਕਿ ਉਹ ਹੋਣੀ ਦੀ ਸਾਰੀ ਸ਼ਹਾਦਤ ਰਸਤੇ ਵਿਚੋਂ ਦੂਰ ਕਰ ਕੇ ਪ੍ਰਭਾ ਦਾ ਵਿਆਹ ਕਿਸੇ ਚੰਗੇ ਮੁੰਡੇ ਨਾਲ ਕਰਾ ਦੇਵੇਗਾ। ਕੋਈ ਦੂਜਾ ਕੰਨ ਸੁਣੇਗਾ ਤਕ ਨਹੀਂ। ਪਰ ਪ੍ਰਭਾ ਆਪਣੇ ਕੀਤੇ ਦੀ ਪੂਰੀ ਕੀਮਤ ਦੇਣ ਲਈ ਜ਼ਿੱਦ ਕਰਦੀ ਹੈ, ਆਪਣੇ ਗਰਭ ਵਿਚਲੇ ਬੱਚੇ ਨੂੰ ਅਮਾਨਤ ਸਮਝਦੀ ਹੈ, ਤੇ ਇਸ ਅਮਾਨਤ ਨੂੰ ਸਾਂਭ ਕੇ ਰਖਣ ਲਈ ਸਾਰੀ ਦੁਨੀਆ ਦਾ ਗ਼ਜ਼ਬ ਸਹਾਰਨ ਲਈ ਤਿਆਰ ਹੁੰਦੀ ਹੈ।

ਇਸ ਦੀ ਦਿਆਨਤਦਾਰੀ ਦਾ ਉਸ ਨੂੰ ਕੀ ਇਨਾਮ ਮਿਲਦਾ ਹੈ ? ਪਿਤਾ ਉਸ ਦੀ ਮੌਤ ਚਾਹੁੰਦਾ ਹੈ। ਜਿਹਾ ਮੌਤ ਚਾਹਣਾ ਤਿਹਾ ਮਾਰਨਾ। ਕਾਤਲ ਭਾਈਚਾਰੇ ਦਾ ਸਤਕਾਰਿਆ ਭਾਗ ਬਣਿਆ ਰਹਿੰਦਾ ਹੈ। ਮਕਤੂਲ ਦੀ ਯਾਦ ਵੀ ਅਪਵਿੱਤਰ ਹੋ ਜਾਂਦੀ ਹੈ।

ਅਨੇਕਾਂ ਗਰਭ ਮਾਪਿਆਂ ਨੇ ਆਪਣੀ ਇੱਜ਼ਤ ਬਚਾਣ ਲਈ ਜ਼ਾਇਆ ਕੀਤੇ ਹਨ, ਅਨੇਕਾਂ ਧੀਆਂ ਨੂੰ ਮਾਪਿਆਂ ਨੇ ਆਪਣੀ ਸੁਰਖ਼ਰੂਈ ਦੀ ਖ਼ਾਤਰ ਕਤਲ ਕੀਤਾ ਹੈ। ਉਹ ਸਾਊ ਹਨ – ਪਰ ਮਕਤੂਲ ਪਾਪੀ ਸਨ।

ਸਾਡੇ ਭਾਈਚਾਰੇ ਵਿਚ ਪ੍ਰਭਾ ਜਿੰਨੀ ਮਜ਼ਬੂਤੀ, ਪਵਿੱਤ੍ਰਤਾ ਤੇ ਕੁਰਬਾਨੀ ਵਾਲੀਆਂ ਕਿੰਨੀਆਂ ਕੁ ਇਸਤ੍ਰੀਆਂ ਲਭ ਸਕਦੀਆਂ ਹਨ ? ਕੀ ਪ੍ਰਭਾ ਦੀ ਮਿਸਾਲ ਚਾਲ ਚਲਨ ਮਜ਼ਬੂਤ ਕਰਦੀ ਜਾਂ ਵਿਗਾੜਦੀ ਹੈ ?

ਇਹ ਕਹਾਣੀ ਭਾਈਚਾਰੇ ਨੂੰ ਚੈਲੈਂਜ ਹੈ। ਜਿਸ ਭਾਈਚਾਰੇ ਵਿਚ ਪ੍ਰਭਾ ਵਰਗੀ ਕੁੜੀ ਲਈ ਥਾਂ ਨਹੀਂ, ਜਿਸ ਵਿਚ ਪ੍ਰਭਾ ਵਰਗੇ ਖ਼ੂਬਸੂਰਤ ਚਾਲ ਚਲਨ ਦੀ ਕਦਰ ਨਹੀਂ, ਜਿਸ ਵਿਚ ਉਸ ਦੀ ਹਿੰਮਤ, ਉਸ ਦੀ ਦਿਆਨਤਦਾਰੀ, ਉਸ ਦੀ ਜ਼ਿੰਮੇਂਵਾਰੀ, ਉਸ ਦੀ ਮਿੱਠੀ ਤੇ ਲੋਕ-ਭਲਾ ਮੰਗਦੀ, ਖਿਮਾ ਭਰਪੂਰ ਆਤਮਾ ਨੂੰ ਅਪਨਾਇਆ ਨਹੀਂ ਜਾ ਸਕਦਾ, ਉਸ ਭਾਈਚਾਰੇ ਉੱਤੇ ਇਹ ਕਹਾਣੀ ਲੋਕ ਕਚਹਿਰੀ ਵਿਚ ਦਾਅਵਾ ਕਰਦੀ ਹੈ।

ਇਹ ਪ੍ਰਭਾ ਦਾ ਤੀਜਾ ਦਾਅਵਾ ਹੈ।

ਪ੍ਰਭਾ ਕੌਣ ਹੈ ? ਇਸ ਦਾ ਉੱਤਰ ਰਸਮਾਂ ਦੇ ਸ਼ਿਕੰਜੇ ਵਿਚ ਨਪੀੜੀ ਹਿੰਦੁਸਤਾਨ ਦੀ ਸੁਤੰਤ੍ਰਤਾ-ਇੱਛਕ, ਨੌਜਵਾਨ, ਤੇ ਰੀਝਾਂ ਭਰੀ ਦਿਆਨਤਦਾਰ ਆਤਮਾ ਦੇਵੇਗੀ।

ਇਸ ਵੇਲੇ ਮੇਰੇ ਸਾਹਮਣੇ ਪ੍ਰਭਾ ਦੀ ਰੂਹ ਦਿਸ ਰਹੀ ਹੈ। ਇਹ ਹਰ ਲੰਘਦੇ ਜਾਂਦੇ ਦੇ ਮੂੰਹ ਵਲ ਤਕਦੀ ਹੈ; ਜਿਸ ਦਾ ਮੂੰਹ ਇਸ ਨੂੰ ਸਾਊ ਦਿਸਦਾ ਹੈ, ਇਹ ਉਸੇ ਕੋਲ ਜਾਂਦੀ ਹੈ, ਜੇ ਉਹ ਨਹੀਂ ਤੱਕਦਾ, ਤਾਂ ਇਹ ਝੂੰਝਲਾ ਕੇ ਉਸ ਦਾ ਗਿਰੇਬਾਨ ਫੜਦੀ ਹੈ, ਇਸਦੀਆਂ ਅੱਖਾਂ ਵਿਚ ਦੋਹਾਂ ਜਹਾਨਾਂ ਦਾ ਰੋਸ ਹੈ, ਇਸ ਦੇ ਹਰ ਅੰਗ ਤੋਂ ਹਸਰਤ ਚੋ ਰਹੀ ਹੈ ਤੇ ਇਹ ਬੜੇ ਰੋਹ ਵਿਚ ਪੁਛਦੀ ਹੈ :

"ਦੱਸੋ – ਦੱਸੋ – ਕੀ ਮੈਂ ਵਿਭਚਾਰਨ ਹਾਂ ? – ਤੁਸੀ ਕਿਉਂ ਮੈਨੂੰ ਮੇਰਾ ਇਨਸਾਫ਼ ਨਹੀਂ ਦੁਆਂਦੇ – ਮੈਂ ਕੀ ਕੀਤਾ ਹੈ ?"

ਪ੍ਰੀਤ ਨਗਰ
੧੮-੮-੪੨

ਗੁਰਬਖ਼ਸ਼ ਸਿੰਘ

# ੧

ਮੁਜ਼ੱਫ਼ਰਪੁਰ, (ਬਿਹਾਰ) ਤੋਂ ਵੀਹ ਕੁ ਮੀਲ ਦੀ ਵਿਥ ਉੱਤੇ ਰੀਟਾਇਰਡ ਸਰਕਾਰੀ ਅਫਸਰਾਂ ਨੇ ਸ਼ਹਿਰ ਦੇ ਭੀੜ ਭੜੱਕੇ ਤੋਂ ਪਰੇਰੇ ਰਹਿਣ ਲਈ, ਇਕ ਨਵੀਂ ਵਸਤੀ ਜਿਹੀ ਬਣਾਈ ਹੋਈ ਸੀ। ਇਸ ਵਸਤੀ ਦੇ ਨਾਲੋਂ ਵਡੀ ਸੜਕ ਲੰਘਦੀ ਸੀ।

ਇਕ ਸ਼ਾਮ ਵੇਲੇ ਏਸ ਸੜਕ ਉੱਤੇ ਇਕ ਲਾਰੀ ਦੀ ਬ੍ਰਿਛ ਨਾਲ ਟੱਕਰ ਹੋ ਗਈ ਸੀ, ਸਿਰਫ ਇਕ ਕੁੱਤੇ ਨੂੰ ਬਚਾਣ ਦੇ ਯਤਨ ਵਿਚ ਇਹ ਹਾਦਸਾ ਹੋ ਗਿਆ। ਮੋਟਰ ਤੇ ਸ਼ਾਵੇਂ ਹੋਰ ਚਲਣ ਜੋਗੀ ਨਾ ਰਹੀ ਪਰ ਸਵਾਰੀਆਂ ਨੂੰ ਝਰੀਟਾਂ ਮਰੀਟਾਂ ਦੇ ਛੁਟ ਕੋਈ ਸਟ ਨਾ ਲਗੀ।

ਇਹ ਲਾਰੀ ਪੋਲੀਸ ਦੀ ਸੀ; ਇਕ ਥਾਣੇਦਾਰ ਇਨਚਾਰਜ ਸਨ, ਚਾਰ ਸਿਪਾਹੀ ਹੋਰ ਨਾਲ ਸਨ, ਤੇ ਇਕ ਪੈਰੀਂ ਬੇੜੀਆਂ ਵਾਲਾ ਕੈਦੀ ਉਨ੍ਹਾਂ ਦੀ ਜ਼ਿੰਮੇਂਵਾਰੀ ਵਿਚ ਮਲੂਮ ਹੁੰਦਾ ਸੀ; ਪਰ ਖੁਲ੍ਹੀਆਂ ਲਾ ਪਰਵਾਹ ਗਲਾਂ ਬਾਤਾਂ ਤੋਂ ਚੰਗੇ ਖ਼ੁਸ਼ਦਿਲਾਂ ਦੀ ਪਾਰਟੀ ਜਾਪਦੀ ਸੀ। ਹਾਦਸੇ ਦੇ ਅਚਾਨਕ ਧੱਕੇ ਨਾਲ ਰੰਗ ਤੇ ਸਭ ਦੇ ਉਡੇ ਹੋਏ ਸਨ, ਪਰ ਸਟ-ਪੇਟ ਨਾ

ਲਗਣ ਦੀ ਤਸੱਲੀ ਨੇ ਉਨ੍ਹਾਂ ਦੀ ਜ਼ਿੰਦਾ-ਦਿਲੀ ਨੂੰ ਉਡਣ ਨਹੀਂ ਸੀ ਦਿੱਤਾ।

"ਚੰਗੇ ਬਚੇ – ਟੁੱਟੀ ਸਿਰਫ਼ ਲਾਰੀ, ਜਿਹੜੀ ਖਾਏ ਖਸਮਾਂ ਦਾ ਸਿਰ– ਪਰ ਇਕ ਘੜੀ ਲਈ ਮੈਂ ਸਮਝਿਆ ਸੀ ਕਿ ਸਚੀਂ ਮੁਚੀਂ ਰਬ ਦਾ ਗ਼ਜ਼ਬ ਪੁਲਸੀਆਂ ਦੇ ਸੰਘੇ ਘੁੱਟਣ ਆ ਗਿਆ ਸੀ।" ਥਾਣੇਦਾਰ ਨੇ ਆਪਣੇ ਕਪੜੇ ਝਾੜ ਝੰਬ ਕੇ ਆਖਿਆ।

"ਪਰ ਇਕ ਬੇਗੁਨਾਹ ਜੁ ਤੁਹਾਡੇ ਨਾਲ ਸੀ।" ਕੈਦੀ ਨੇ ਆਪਣੀਆਂ ਹਥਕੜੀਆਂ ਖੜਕਾ ਕੇ ਤੇ ਮੁਸਕਰਾ ਕੇ ਆਖਿਆ।

"ਪਰ ਇਹ ਤੁਹਾਡੀ ਗਲ ਅਸੀ ਤਾਂ ਮੰਨਾਂਗੇ ਜੇ ਉਹ ਹੁਣ ਤੁਹਾਨੂੰ ਫਾਂਸੀ ਤੋਂ ਵੀ ਬਚਾ ਲਏ", ਇਕ ਸਿਪਾਹੀ ਨੇ ਆਖਿਆ।

"ਇਹ ਵੀ ਕੋਈ ਵਡੀ ਗਲ ਨਹੀਂ – ਫਾਂਸੀ ਦੇ ਤਖ਼ਤਿਆਂ ਉੱਤੇ ਖਲੋਤੇ ਕਈ ਵਾਰੀ ਬਚ ਕੇ ਮੁਲਕ ਦੇ ਪਰਧਾਨ ਬਣੇ ਹਨ" ਕੈਦੀ ਨੇ ਉੱਤਰ ਦਿੱਤਾ।

ਥਾਣੇਦਾਰ,ਸਿਪਾਹੀਆਂ ਤੇ ਕੈਦੀ ਵਿਚਾਲੇ ਚੋਖੀ ਖੁਲ੍ਹ ਤੇ ਖ਼ਾਸਾ ਲਿਹਾਜ਼ ਨਜ਼ਰ ਆਉਂਦੇ ਸਨ, ਕੈਦੀ ਵੀ ਕੋਈ ਆਮ ਅਨਪੜ੍ਹ ਨਹੀਂ ਸੀ ਜਾਪਦਾ। ਇਕੋ ਨਜ਼ਰ ਤੋਂ ਲਭ ਪੈਂਦਾ ਸੀ ਕਿ ਉਹ ਸਾਰੀ ਪਾਰਟੀ ਵਿਚੋਂ ਵਧੀਆ ਆਦਮੀ ਸੀ। ਹਸ-ਮੁਖ, ਬੇ ਪਰਵਾਹ, ਨਿਡਰ ਸੂਰਤ, ਸਿਆਣਾ ਬੋਲ ਤੇ ਚਿਹਰੇ ਦਾ ਪਰਭਾਵ ਪੁਲੀਸ ਵਰਗੀ ਵਿਸ਼ਵਾਸਹੀਨ ਜ਼ਾਤ ਵਿਚ ਵੀ ਅਨੋਖਾ ਜਿਹਾ ਯਕੀਨ ਜਗਾਂਦਾ ਸੀ। ਕਿਉਂਕਿ ਢੱਠੀ ਲਾਰੀ ਵਿਚੋਂ ਅਸ-ਬਾਬ ਕਢਣ ਲਗਿਆਂ ਕੈਦੀ ਨੂੰ ਸਿਪਾਹੀਆਂ ਨੇ ਇਕੱਲਿਆਂ ਹੀ ਛਡ ਦਿੱਤਾ ਹੋਇਆ ਸੀ, ਉਹਦੀ ਜ਼ੰਜੀਰ ਫੜ ਕੇ ਕੋਲ ਖਲੋਤੇ ਰਹਿਣ ਦੀ ਲੋੜ ਨਹੀਂ ਸੀ ਜਾਪੀ। ਨਾਲੇ ਜਿਨ੍ਹਾਂ ਸ਼ਬਦਾਂ ਵਿਚ ਥਾਣੇਦਾਰ ਤੇ ਸਿਪਾਹੀ ਕੈਦੀ ਨੂੰ ਬੁਲਾਂਦੇ ਸਨ, ਉਨ੍ਹਾਂ ਤੋਂ ਮਲੂਮ ਹੁੰਦਾ ਸੀ, ਕਿ ਜਾਂ ਤੇ ਥਾਣੇਦਾਰ ਉਹਦਾ ਪਹਿਲੋਂ ਦਾ ਕੋਈ ਲਿਹਾਜ਼ਦਾਰ ਸੀ, ਤੇ ਜਾਂ ਓਨੇ ਸਫ਼ਰ ਦੇ ਸਾਥ ਵਿਚ ਹੀ ਕੈਦੀ ਦੀ ਸ਼ਖ਼ਸੀਅਤ ਦਾ ਪਰਭਾਵ ਉਨ੍ਹਾਂ ਸਾਰਿਆਂ ਉੱਤੇ ਪੈ ਗਿਆ ਸੀ।

ਅਸਬਾਬ ਸੰਭਾਲ ਕੇ ਥਾਣੇਦਾਰ ਨੇ ਹੁਕਮ ਦਿੱਤਾ ਕਿ ਲਾਰੀ ਨੂੰ ਉਥੇ ਹੀ ਛਡ ਕੇ ਉਥੋਂ ਪੰਜ ਮੀਲ ਦੀ ਵਿਥ ਉੱਤੇ ਪੁਲਸ ਚੌਕੀ ਵਲ ਮਾਰਚ ਕੀਤਾ ਜਾਏ। ਸੂਰਜ ਡੁਬ ਚੁਕਾ ਸੀ ਜਦੋਂ ਪਾਰਟੀ ਤੁਰ ਪਈ, ਪਰ ਕੈਦੀ ਆਪਣੀਆਂ ਬੇੜੀਆਂ ਨਾਲ ਸਿਪਾਹੀਆਂ ਜਿੰਨਾਂ ਕਦਮ ਨਹੀਂ ਸੀ ਚੁਕ ਸਕਦਾ। ਇਹ ਵੇਖ ਕੇ ਥਾਣੇਦਾਰ ਹੌਲਦਾਰ ਦੇ ਮੂੰਹ ਵਲ ਤਕ ਕੇ ਸਲਾਹ ਪੁਛਣ ਲਗਾ :

"ਜੇ ਤੁਹਾਨੂੰ ਕੋਈ ਇਤਰਾਜ਼ ਨਾ ਹੋਵੇ, ਤਾਂ ਇਨ੍ਹਾਂ ਦੀਆਂ ਬੇੜੀਆਂ ਖੋਹਲ ਦੇਈਏ – ਇਸ ਤਰ੍ਹਾਂ ਬੜੇ ਚਿਰਾਕੇ ਪੁੱਜਾਂਗੇ ਤੇ ਨਾ ਮੁਰਾਦ ਭੁਖ ਅਗੇ ਹੀ ਸਤਾ ਰਹੀ ਹੈ।"

"ਮੈਥੋਂ ਪੁਛਦੇ ਹੋ ? – ਹਥਕੜੀਆਂ ਵੀ ਖੋਹਲ ਦਿਓ – ਇਹ ਕੈਦੀ ਤੇ ਮੈਨੂੰ ਉਹਦੇ ਵਰਗਾ ਜਾਪਦਾ ਹੈ, ਜਿਦ੍ਹਾ ਰਾਖਾ ਸਿਪਾਹੀ ਰਾਹ ਵਿਚ ਕਿਸੇ ਪੁਲਸ ਦੇ ਦੁਸ਼ਮਨ ਨੇ ਮਾਰ ਦਿੱਤਾ ਤੇ ਕੈਦੀ ਨੇ ਆਪਣੇ ਆਪ ਥਾਣੇ ਰਪੋਰਟ ਜਾ ਕੀਤੀ।" ਹੌਲਦਾਰ ਨੇ ਬੜੇ ਵਸਾਹ ਨਾਲ ਉੱਤਰ ਦਿੱਤਾ।

ਤੁਹਾਡਾ ਵਸਾਹ ਕਦੇ ਤੁਹਾਨੂੰ ਧੋਖਾ ਨਾ ਖੁਆਏ ?" ਕੈਦੀ ਨੇ ਆਖਿਆ ਜਦੋਂ ਹੌਲਦਾਰ ਬੇੜੀ ਦੇ ਜੰਦਰੇ ਵਿਚ ਕੁੰਜੀ ਫੇਰ ਰਿਹਾ ਸੀ।

"ਤੁਹਾਡੇ ਵਰਗੇ ਮੂੰਹ ਵਾਲੇ ਮਨੁੱਖ-ਘਾਤ ਭਾਵੇਂ ਕਰ ਲੈਣ, ਪਰ ਵਸਾਹ-ਘਾਤ ਕਦੇ ਨਹੀਂ ਕਰਦੇ, ਮੈਨੂੰ ਬੜਾ ਤਜਰਬਾ ਹੈ।" ਹੌਲਦਾਰ ਨੇ ਬੇੜੀਆਂ ਕੱਠੀਆਂ ਕਰ ਕੇ ਕੱਛੇ ਮਾਰ ਲਈਆਂ।

"ਪਰ ਮੇਰਾ ਅਸਬਾਬ ਮੈਨੂੰ ਫੜਾ ਦਿਓ – ਤੁਸਾਂ ਆਪੇ ਆਪਣਾ ਜੁ ਚੁੱਕਿਆ ਹੋਇਆ ਹੈ।" ਕੈਦੀ ਨੇ ਉਹ ਲੋਹਾ ਹੌਲਦਾਰ ਕੋਲੋਂ ਜ਼ੋਰੀਂ ਫੜ ਲਿਆ।

ਪਰ ਉਸ ਵੇਲੇ ਸੜਕ ਦੇ ਖੱਬੇ ਪਾਸੇ ਖਲੋਤੀ ਇਕ ਸਾਊ ਲੜਕੀ ਕੈਦੀ ਦੇ ਮੂੰਹ ਵਲ ਅਤਿ ਹੈਰਾਨੀ ਨਾਲ ਵੇਖ ਰਹੀ ਸੀ। ਬੇੜੀਆਂ ਕੱਛੇ ਮਾਰ ਕੇ ਜਿਸ ਘੜੀ ਕੈਦੀ ਨੇ ਅੱਖਾਂ ਚੁੱਕੀਆਂ ਤੇ ਸੰਧਿਆ ਦੇ ਘੁਸਮੁਸੇ ਵਿਚ ਉਸ ਨਿਵੇਕਲੀ ਥਾਂ ਉੱਤੇ ਉਸ ਨੇ ਜਾਣੂ ਮੁਖ ਵੇਖਿਆ, ਤਾਂ ਕੱਛਾਂ ਵਿਚੋਂ ਲੋਹਾ

ਹੇਠਾਂ ਡਿਗ ਪਿਆ ਤੇ ਕਦਮ ਅਗੇ ਵਧਾ ਕੇ ਉਹ ਬੋਲਿਆ:–

"ਪ੍ਰਭਾ ਜੀ, ਤੁਸੀ ਕਿੱਥੇ ? – ਸ਼ਹਿਰੋਂ ਤੇ ਅਸੀ ਬੜੀ ਦੂਰ ਹਾਂ ?"

"ਪਰ ਇਹ ਕੀ ? – ਤੁਸੀ ਏਸ ਤਰ੍ਹਾਂ ਕਿਉਂ ਹੋ ?" ਲੜਕੀ ਨੇ ਆਪਣੀਆਂ ਅੱਖਾਂ ਦਾ ਯਕੀਨ ਨਾ ਕਰਦਿਆਂ ਹੋਇਆਂ ਉੱਤਰ ਦੀ ਥਾਂ ਪ੍ਰਸ਼ਨ ਕੀਤਾ।

"ਥਾਣੇਦਾਰ ਸਾਹਿਬ – ਤੁਸੀ ਛੇਤੀ ਤੁਰਨਾ ਚਾਂਹਦੇ ਸਓ – ਤੁਸਾਂ ਮੇਰੀਆਂ ਬੇੜੀਆਂ ਲਾਹ ਦਿੱਤੀਆਂ ਹਨ,ਤੁਸੀ ਹੋਰ ਵੀ ਕਈ ਮਿਹਰਬਾਨੀਆਂ ਮੇਰੇ ਉੱਤੇ ਕੀਤੀਆਂ ਹਨ – ਉਨ੍ਹਾਂ ਮਿਹਰਬਾਨੀਆਂ ਨੇ ਮੇਰੇ ਅੰਦਰ ਤੁਹਾਡੀ ਕਦਰ ਪੈਦਾ ਕੀਤੀ ਹੈ, ਪਰ ਮੈਨੂੰ ਉਨ੍ਹਾਂ ਦੀ ਲੋੜ ਨਹੀਂ ਸੀ – ਹੁਣ ਇਕ ਮਿਹਰਬਾਨੀ ਮੈਂ ਮਿੰਨਤ ਨਾਲ ਮੰਗਦਾ ਹਾਂ।" ਕੈਦੀ ਨੇ ਥਾਣੇਦਾਰ ਅਗੇ ਉਸ ਲਹਿਜੇ ਵਿਚ ਬੇਨਤੀ ਕੀਤੀ, ਜਿਹੜਾ ਕਠੋਰ ਕਰੜੇ ਹਾਕਮਾਂ ਨੂੰ ਵੀ ਸੋਚ ਵਿਚ ਪਾ ਦੇਂਦਾ ਹੈ।

"ਕੋਈ ਗਲ ਨਹੀਂ– ਦਸੋ", ਥਾਣੇਦਾਰ ਨੇ ਕੁੜੀ ਨੂੰ ਗਹੁ ਨਾਲ ਵੇਖ ਕੇ ਆਖਿਆ।

"ਇਹ ਕਾਲਜ ਵਿਚ ਮੇਰੇ ਨਾਲ ਪੜ੍ਹਦੇ ਸਨ, ਇਹ ਇਕ ਪੈਨਸ਼ਨੀ ਕਲੈਕਟਰ ਦੀ ਪੁੱਤਰੀ ਹਨ – ਮੈਂ ਇਨ੍ਹਾਂ ਦਿਨਾਂ ਵਿਚ ਜੇ ਕਿਸੇ ਨੂੰ ਮਿਲਣ ਦੀ ਚਾਹ ਰਖਦਾ ਸਾਂ ਤਾਂ ਇਨ੍ਹਾਂ ਨੂੰ, – ਕੀ ਮੈਨੂੰ ਇਨ੍ਹਾਂ ਨਾਲ ਚਾਰ ਗਲਾਂ ਕਰਨ ਦੀ ਆਗਿਆ ਦੇ ਸਕਦੇ ਹੋ।" ਕੈਦੀ ਨੇ ਪੁਛਿਆ।

ਪਰ ਥਾਣੇਦਾਰ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਪ੍ਰਭਾ ਨੇ ਆਖਿਆ ਕਿ ਉਹ ਸੈਰ ਕਰਦੀ ਡੇਢ ਕੁ ਮੀਲ ਆਪਣੇ ਬੰਗਲੇ ਕੋਲੋਂ ਏਧਰ ਨੂੰ ਆ ਗਈ ਸੀ, ਤੇ ਹੁਣ ਉਸ ਨੇ ਮੁੜਨਾ ਓਧਰ ਹੀ ਸੀ, ਜਿਧਰ ਉਹ ਜਾ ਰਹੇ ਸਨ, ਇਸ ਲਈ ਉਨ੍ਹਾਂ ਨੂੰ ਖੜੋਨ ਦੀ ਲੋੜ ਨਹੀਂ ਸੀ, ਉਹ ਨਾਲ ਤੁਰਦੀ ਜਾਏਗੀ।

ਹੌਲਦਾਰ ਦੇ ਇਸ਼ਾਰੇ ਉੱਤੇ ਸਿਪਾਹੀ ਨੇ ਹਥਕੜੀ ਦੀ ਛੰਜੀਰ ਵਲ੍ਹੇਟ ਕੇ ਕੈਦੀ ਦੇ ਹਥ ਫੜਾ ਦਿੱਤੀ ਤੇ ਆਪ ਸਾਰੇ ਚਾਰ ਕਦਮ ਪਿਛਾਂਹ

ਹਟ ਕੇ ਤੁਰਨ ਲਗ ਪਏ। ਪ੍ਰਭਾ ਤੇ ਕੈਦੀ ਅਗੇ ਤੁਰ ਰਹੇ ਸਨ, ਕੈਦੀ ਦਾ ਖੱਬਾ ਸੁਤੰਤਰ ਹਥ ਪ੍ਰਭਾ ਦੇ ਹਥ ਵਿਚ ਸੀ। ਪ੍ਰਭਾ ਨੇ ਦਸਿਆ ਕਿ ਉਹ ਗਰਮੀਆਂ ਦੀਆਂ ਛੁਟੀਆਂ ਵਿਚ ਮਾਤਾ ਪਿਤਾ ਕੋਲ ਆਈ ਹੋਈ ਸੀ, ਜਿਹੜੇ ਨਵੇਂ ਸ਼ਹਿਰ ਵਿਚ ਰਹਿੰਦੇ ਸਨ।

ਕੈਦੀ ਨੇ ਦਸਿਆ ਕਿ ਉਹਦੇ ਉਤੇ ਖ਼ੂਨ ਦਾ ਮੁਕੱਦਮਾ ਬਣ ਗਿਆ ਸੀ। ਉਹ ਹੈ ਤੇ ਬੇਕਸੂਰ ਸੀ, ਪਰ ਜ਼ਾਹਿਰਾ ਗਵਾਹੀਆਂ ਉਹਦੇ ਏਡੀਆਂ ਬਰ-ਖ਼ਿਲਾਫ਼ ਸਨ, ਕਿ ਉਹਨੂੰ ਸੈਸ਼ਨ ਸਪੁਰਦ ਕਰ ਕੇ ਵਡੀ ਜ਼ੇਹਲ ਵਿਚ ਭੇਜਿਆ ਜਾ ਰਿਹਾ ਸੀ ਤੇ ਬਿਹਾਰ ਵਿਚ ਪੁਲੀਟੀਕਲ ਕਾਤਲਾਂ ਦੀ ਬਹੁ-ਤਾਤ ਕਰ ਕੇ ਸਰਕਾਰ ਨੇ ਫ਼ੈਸਲਾ ਕੀਤਾ ਸੀ, ਕਿ ਪੁਲੀਟੀਕਲ ਕਤਲ ਵਿਚ ਦੋਸ਼ੀ ਦੇ ਮੁਕੱਦਮੇ ਦਾ ਫ਼ੈਸਲਾ ਝਟ ਪਟ ਕੀਤਾ ਜਾਏ, ਤੇ ਦੋਸ਼ ਸਾਬਤ ਹੋਣ ਉਤੇ ਛੇਤੀ ਫਾਂਸੀ ਦਿੱਤਾ ਜਾਏ, ਕਿਉਂਕਿ ਲਮਕਦੇ ਮੁਕੱਦਮਿਆਂ ਵਿਚ ਪਿਛੇ ਜਿਹੇ ਕਈ ਹੋਰ ਤਰ੍ਹਾਂ ਦੇ ਮੁਕੱਦਮੇ ਨੂੰ ਵਿਗਾੜਨ ਵਾਲੇ ਹਾਦਸੇ ਹੁੰਦੇ ਰਹੇ ਸਨ। ਉਹਨੂੰ ਕੋਈ ਆਸ ਨਹੀਂ ਸੀ, ਪਰ ਉਹ ਖ਼ੁਸ਼ ਸੀ ਕਿ ਜ਼ਿੰਦਗੀ ਦੀ ਸ਼ਾਮ ਵੇਲੇ ਉਸ ਨੇ ਫੇਰ ਆਪਣੀ ਪ੍ਰਭਾਤ ਦੇ ਦਰਸ਼ਨ ਕਰ ਲਏ ਸਨ।

"ਪਰ ਇਹ ਕੀਕਰ ਹੋ ਸਕਦਾ ਹੈ ਕਿ ਇਕ ਬਿਲਕੁਲ ਬੇਗੁਨਾਹ ਨੂੰ ਫਾਂਸੀ ਤੇ ਚੜ੍ਹਾਇਆ ਜਾਏ?" ਪ੍ਰਭਾ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ।

"ਮਕਤੂਲ ਇਕ ਅੰਗਰੇਜ਼ ਸੀ — ਅਸਿਸਟੈਂਟ ਕਲੈਕਟਰ — ਮੈਂ ਸ਼ਾਮ ਦੇ ਵੇਲੇ ਕਮੇਟੀ ਦੇ ਬਾਗ਼ ਵਿਚ ਫਿਰ ਰਿਹਾ ਸਾਂ। ਮੇਰੇ ਕੋਲੋਂ ਦੀ ਇਹ ਅੰਗਰੇਜ਼ ਘੋੜੇ ਤੇ ਚੜ੍ਹਿਆ ਲੰਘਿਆ ਸੀ, ਮੈਂ ਤੱਕਿਆ ਸੀ, ਪਰ ਫੇਰ ਮੈਂ ਆਪਣੇ ਖ਼ਿਆਲ ਵਿਚ ਇਕ ਬ੍ਰਿਛ ਨਾਲ ਲਗ ਕੇ ਬੇ ਧਿਆਨਾ ਜਿਹਾ ਆਸੇ ਪਾਸੇ ਫੁਲਾਂ ਨੂੰ ਵੇਖ ਰਿਹਾ ਸਾਂ। ਤਦੇ ਇਕ ਫ਼ਾਇਰ ਹੋਇਆ ਤੇ ਦੂਜੀ ਘੜੀ ਮੇਰੇ ਪੈਰ ਉਤੇ ਕੁਝ ਡਿਗਾ — ਮੈਨੂੰ ਪੀੜ ਹੋਈ — ਇਹ ਦਿਸਦਾ ਤੇ ਇਕ ਚਿਬ-ਖੜਿੱਬਾ ਗੇਂਦ ਜਿਹਾ ਸੀ — ਮੈਂ ਚੁਕਿਆ ਤੇ ਇਕ ਪਾਸਿਉਂ ਪਸਤੌਲ ਵਰਗੀ ਨਾਲੀ ਦਿੱਸੀ। ਪਸਤੌਲ ਉਤੇ ਚਿੱਟਾ ਫੋਤਾ

ਵਲ੍ਹੇਟ ਕੇ ਰੋਲ ਜਿਹਾ ਕੀਤਾ ਹੋਇਆ ਸੀ, ਸਿਰਫ਼ ਨਾਲੀ ਦਾ ਨਿਕਾਸ ਤੇ ਘੋੜਾ ਨੰਗੇ ਸਨ। ਮੈਂ ਡਰ ਕੇ ਉਹਨੂੰ ਹਥੋਂ ਸੁਟ ਪਾਇਆ ਤੇ ਆਲੇ ਦੁਆਲੇ ਤਕਿਆ ਜੁ ਕਿਸੇ ਵੇਖਿਆ ਨਾ ਹੋਵੇ, ਤੇ ਮੈਨੂੰ ਮਲੂਮ ਹੁੰਦਾ ਸੀ ਕਿ ਮੇਰਾ ਮੂੰਹ ਡਰ ਨੇ ਉਸੇ ਤਰ੍ਹਾਂ ਦਾ ਬਣਾ ਦਿੱਤਾ ਸੀ, ਜੀਕਰ ਕੋਈ ਅਸਲੀ ਕਾਤਲ, ਬਚਣ ਲਈ ਆਲੇ ਦੁਆਲੇ ਦੀ ਤਾੜ ਰਖਦਾ ਹੈ। ਮੈਨੂੰ ਕੋਈ ਨਾ ਲੱਭਾ ਤੇ ਮੈਂ ਉਥੋਂ ਕਾਹਲੀ ਕਾਹਲੀ ਤੁਰ ਪਿਆ। ਤਦੇ ਖ਼ਬਰ ਕਿ ਇਕ ਸਿਪਾਹੀ ਨੇ ਮੈਨੂੰ ਧੌਣੋ ਆ ਫੜਿਆ ਤੇ ਜੋਰੀ ਉਸ ਪਸਤੌਲ ਦੇ ਕੋਲ ਲੈ ਗਿਆ – ਮੈਂ ਬਹੁਤੇਰਾ ਕੁਝ ਆਖਿਆ – ਪਰ ਮੇਰੀ ਗਲ ਦਾ ਕਿਸੇ ਨੂੰ ਯਕੀਨ ਨਹੀਂ ਸੀ ਆਉਂਦਾ, ਤੇ ਪੁਲੀਸ ਨੇ ਕਈ ਅੱਖੀਂ ਵੇਖੇ ਗਵਾਹ ਵੀ ਬਣਾ ਲਏ।" ਕੈਦੀ ਦੀਆਂ ਅੱਖਾਂ ਉਸ ਵੇਲੇ ਉਹਦੀ ਨਾ-ਉਮੈਦੀ ਦਾ ਅਕਸ ਸਨ।

"ਪਰ ਆਪ ਦੇ ਪਿਤਾ ਜੀ ਏਡੇ ਵਡੇ ਸਰਕਾਰੀ ਅਫਸਰ ਹਨ, ਉਹ ਜ਼ਰੂਰ ਤੁਹਾਨੂੰ ਛੁਡਾ ਸਕਦੇ ਹਨ, – ਕੀਕਰ – ਇਹ ਕੀਕਰ ਹੋ ਸਕਦਾ ਹੈ, ਤੁਹਾਡੇ ਵਰਗੀ ਬੇਗੁਨਾਹ ਜਿੰਦੜੀ ਨੂੰ ਬਚਾਣ ਦਾ ਕੋਈ ਸਾਧਨ ਨਾ ਹੋਵੇ" ਪ੍ਰਭਾ ਦੇ ਬੋਲ ਵਿਚ ਅਰਮਾਨ ਥਥਲਾ ਰਹੇ ਸਨ।

"ਮੇਰੇ ਪਿਤਾ ਜੀ, ਤੁਹਾਨੂੰ ਪਤਾ ਹੀ ਹੈ, ਕਿਸ ਸਰਕਾਰੀ ਸ਼ੁਹਰਤ ਦੇ ਆਦਮੀ ਹਨ। ਜਦੋਂ ਕਦੇ ਕਾਲਜੋਂ ਉਨ੍ਹਾਂ ਨੂੰ ਮੇਰੀ ਸ਼ਿਕਾਇਤ ਪੁਜਦੀ ਸੀ ਕਿ ਮੈਂ ਪੁਲੀਟੀਕਲ ਕੰਮਾਂ ਤੇ ਸਟਰਾਇਕਾਂ ਵਿਚ ਹਿੱਸਾ ਲੈਂਦਾ ਹਾਂ, ਤਾਂ ਉਹ ਪਾਰਖਤੀ ਦਾ ਡਰਾਵਾ ਦੇ ਦਿਆ ਕਰਦੇ ਸਨ। ਹੁਣ ਜਦੋਂ ਉਨ੍ਹਾਂ ਇਹ ਗਲ ਸੁਣੀ, ਤਾਂ ਸਰਕਾਰ ਕੋਲੋਂ ਐਡਾ ਡਰੇ ਕਿ ਬਿਨਾਂ ਮੇਰੀ ਗਲ ਸੁਣੇ, ਬਿਨਾਂ ਮੈਨੂੰ ਮਿਲੇ ਐਲਾਨ ਕਰ ਦਿੱਤਾ ਕਿ ਉਨ੍ਹਾਂ ਦਾ ਮੇਰੇ ਨਾਲ ਕੋਈ ਸੰਬੰਧ ਨਹੀਂ ਤੇ ਉਹ ਮੇਰੀ ਕੋਈ ਮਦਦ ਨਹੀਂ ਕਰਨਗੇ।" ਕੈਦੀ ਨੇ ਹੌਕਾ ਭਰ ਕੇ ਆਖਿਆ।

"ਆਹ, ਇਹ ਸਾਰੇ ਇਕੋ ਹੀ ਹਨ" ਪ੍ਰਭਾ ਨੇ ਆਹ ਭਰੀ, "ਇਹ ਸਰਕਾਰੀ ਅਫ਼ਸਰ – Denationalized ਬੇ-ਕੌਮ ਜਮਾਤ ! ਸਾਡੇ ਨਵੇਂ

ਸ਼ਹਿਰ ਵਿਚ ਵੀ ਹਰ ਦੂਜੇ ਬੰਗਲੇ ਵਿਚ ਇਕ ਰਾਇ ਬਹਾਦਰ ਰਹਿੰਦਾ ਹੈ – ਸਰਕਾਰ ਦੇ ਹੇਠਾਂ ਇਹ ਬੜੇ ਬੜੇ ਕੰਮ ਕਰ ਕੇ ਆਏ ਹਨ, ਕਮਿਸ਼ਨਾਂ ਦੇ ਪ੍ਰਧਾਨ ਰਹੇ ਹਨ, ਔਖੇ ਪੁਲ ਤੇ ਆਲੀਸ਼ਾਨ ਇਮਾਰਤਾਂ ਬਣਵਾ ਕੇ ਪਿਨਸ਼ਨਾਂ ਲਿਆਏ ਹਨ, ਪਰ ਆਪਣੇ ਲਈ ਇਹ ਇਕ ਸੜਕ ਚੰਗੀ ਨਹੀਂ ਬਣਾ ਸਕਦੇ, ਇਕ ਮੀਟਿੰਗ ਅਮਨ ਨਾਲ ਨਹੀਂ ਲਾ ਸਕਦੇ। ਕਲੱਬ ਵਿਚ ਗਲੀਆਂ ਦੀਆਂ ਜਨਾਨੀਆਂ ਵਾਂਗ ਤਾਹਨੇ ਦੇਂਦੇ ਹਨ, ਉੱਚੀ ਬੋਲਦੇ ਹਨ, ਮੁੱਕੇ ਵਟਦੇ ਹਨ – ਇਨ੍ਹਾਂ ਸਰਕਾਰੀ ਅਫ਼ਸਰਾਂ ਵਰਗੇ ਬੇ-ਦਿਲ, ਬੇ-ਮੁਰੱਵਤ, ਖ਼ੁਦਗਰਜ਼, ਮਗ਼ਰੂਰ, ਤੇ ਦਿਲਚਸਪੀ ਤੋਂ ਉੱਕੇ ਖ਼ਾਲੀ ਆਦਮੀ ਸ਼ਾਇਦ ਹੀ ਕੋਈ ਹੋਰ ਲੱਭਣਗੇ।"

"ਤੇ ਬੇ-ਅਸੂਲੇ ਵੀ", ਕੈਦੀ ਨੇ ਵਾਧਾ ਕੀਤਾ, "ਇਕ ਪਾਸਿਓਂ ਮੇਰੇ ਪਿਤਾ ਜੀ ਮੇਰੇ ਨਾਲ ਬੇਤਅੱਲਕੀ ਦਾ ਐਲਾਨ ਛਾਪਦੇ ਹਨ,ਦੂਜੇ ਪਾਸੇ ਇਕ ਵਕੀਲ ਨੂੰ ਮੇਰੇ ਕੋਲ ਭੇਜਦੇ ਹਨ, ਜਿਹੜਾ ਖੁਫ਼ੀਆ ਉਨ੍ਹਾਂ ਕੋਲੋਂ ਫ਼ੀਸ ਲੈ ਕੇ ਮੇਰੇ ਮੁਕੱਦਮੇ ਦੀ ਪੈਰਵੀ ਕਰਨਾ ਚਾਹੁੰਦਾ ਸੀ – ਮੈਂ ਮੋੜ ਦਿੱਤਾ। ਮੇਰੇ ਪਿਤਾ ਜੀ ਨੂੰ ਇਹ ਪਤਾ ਨਹੀਂ ਕਿ ਮੈਂ ਉਨ੍ਹਾਂ ਦੀ ਸ਼ੁਹਰਤ ਸਦਕਾ ਹੀ ਮਰ ਰਿਹਾ ਹਾਂ। ਕਾਤਲ ਕੋਈ ਜੋਸ਼ੀਲਾ ਬਾਗ਼ੀ ਹੈ, ਉਹ ਮੇਰਾ ਮਨ ਤੇ ਜਾਣਦਾ ਨਹੀਂ, ਪਰ ਇਹ ਜਾਣਦਾ ਹੈ ਕਿ ਫਲਾਣੇ ਰਾਇ ਬਹਾਦਰ ਦਾ ਪੁੱਤਰ ਹਾਂ, ਜਿਹੜਾ ਸਰਕਾਰ ਦੀ ਪੀਚਵੀਂ ਤੋਂ ਪੀਚਵੀਂ ਗੰਢ ਖੋਲ੍ਹਣ ਲਈ ਤਿਆਰ ਹੈ, ਪਰ ਆਪਣੇ ਭਰਾਵਾਂ ਨਾਲ ਗਲ ਕਰਨਾ ਵੀ ਹੇਠੀ ਸਮਝਦਾ ਹੈ। ਬਾਗ਼ੀ ਨੇ ਐਸੇ ਆਦਮੀ ਦੇ ਪੁੱਤਰ ਦੇ ਪੈਰਾਂ ਵਿਚ ਆਪਣਾ ਪਿਸਤੌਲ ਸੁਟ ਕੇ ਇਕ ਪੱਥਰ ਨਾਲ ਦੋ ਪੰਛੀ ਮਾਰਨੇ ਚਾਹੇ ਹਨ।"

ਏਨੇ ਨੂੰ ਉਹ ਮੋੜ ਆ ਗਿਆ, ਜਿਥੋਂ ਪ੍ਰਭਾ ਨੇ ਆਪਣੇ ਬੰਗਲੇ ਵਲ ਮੁੜਨਾ ਸੀ। ਪਾਰਟੀ ਖਲੋ ਗਈ, ਪਰ ਪ੍ਰਭਾ ਦੇ ਅੰਦਰ ਉਸ ਵੇਲੇ ਅਨੋਖਾ ਜਿਹਾ ਕੁਝ ਹੋ ਰਿਹਾ ਸੀ। ਉਹ ਚਿਤਰੰਜਨ ਨੂੰ ਕਾਲਜ ਦੇ ਸਾਰੇ ਮੁੰਡਿਆਂ ਤੋਂ ਚੰਗਾ ਤੇ ਸਮਝਦੀ ਸੀ, ਪਰ ਚਿਤਰੰਜਨ ਬਹੁਤਾ ਉਹਦੇ ਨੇੜੇ ਕਦੀ ਨਹੀਂ ਸੀ ਗਿਆ, ਤੇ ਏਸ ਲਈ ਉਹ ਉਹਦੇ ਮਨ ਦੇ ਹੁਸਨ ਨੂੰ

ਨਹੀਂ ਸੀ ਵੇਖ ਸਕੀ, ਉਹ ਉਹਨੂੰ ਮਿਲ ਕੇ ਖੁਸ਼ ਹੁੰਦੀ ਸੀ, ਪਰ ਵਿਛੜ ਕੇ ਬੇਤਾਬ ਨਹੀਂ ਸੀ ਹੁੰਦੀ। ਪਰ ਹੁਣ ਉਹਦੇ ਲਈ ਉਹਨੂੰ ਸਿਪਾਹੀਆਂ ਦੇ ਨਾਲ ਛਡ ਕੇ ਬੰਗਲੇ ਵਲ ਮੁੜਨਾ ਅਸੰਭਵ ਹੋ ਗਿਆ। ਉਹ ਚਿਤਰੰਜਨ ਦੇ ਨਾਲ ਨਾਲ ਤੁਰੀ ਜਾ ਸਕਦੀ ਸੀ, ਪਰ ਕਿਸੇ ਦੂਜੇ ਪਾਸੇ ਉਹਦੇ ਪੈਰ ਉਠਦੇ ਨਹੀਂ ਸਨ।

ਚਿਤਰੰਜਨ ਨੇ ਵੀ ਪ੍ਰਭਾ ਨੂੰ ਆਪਣੇ ਜੀਵਨ-ਸਾਥੀ ਦੀ ਰੋਸ਼ਨੀ ਵਿਚ ਕਦੇ ਨਹੀਂ ਸੀ ਵੇਖਿਆ, ਪਰ ਮੋੜ ਉਤੇ ਖਲੋਤੇ ਦੇ ਮੂੰਹ ਉਤੇ ਉਹਦੀ ਸਾਰੀ ਆਤਮਾ ਦਾ ਖ਼ਾਮੋਸ਼ ਤਰਲਾ ਪ੍ਰਤੱਖ ਸੀ। ਉਹਨੂੰ ਕੁਝ ਪਤਾ ਨਹੀਂ ਸੀ ਕਿ ਉਹ ਕੀ ਚਾਹੁੰਦਾ ਸੀ, ਉਹ ਕੋਈ ਗਲ ਪ੍ਰਭਾ ਕੋਲੋਂ ਮੰਗ ਨਹੀਂ ਸੀ ਸਕਦਾ, ਪਰ ਉਹਦੇ ਅੰਗ ਅੰਗ ਵਿਚੋਂ ਕੋਈ ਖ਼ਾਹਸ਼ ਉਠ ਰਹੀ ਸੀ। ਉਹ ਮਰਨ ਲਈ ਤਿਆਰ ਹੋ ਚੁਕਾ ਸੀ, ਉਹ ਆਪਣੀ ਨਿਰਾਸ਼ਾ ਦੇ ਹਨੇਰੇ ਵਿਚ ਹੁਣ ਕਿਸੇ ਦੀ ਆਸ ਨਹੀਂ ਸੀ ਰਖਦਾ, ਉਹ ਸਿਪਾਹੀਆਂ ਨਾਲ ਬੇਪਰਵਾਹੀ ਦੀਆਂ ਗਲਾਂ ਕਰਦਾ ਸੀ, ਪਰ ਅਚਾਨਕ ਕਿਤੋਂ ਬੱਦਲ ਉੱਚਾ ਹੋਇਆ ਤੇ ਧੁਪ ਚੜ੍ਹ ਪਈ। ਪੁਰਾਣਾ ਹਨੇਰਾ ਹੁਣ ਖਾਊ ਜਾਪਣ ਲਗਾ। "ਪ੍ਰਭਾ ਤੁਰ ਜਾਏਗੀ" – ਬਹਾਦਰ ਤੋਂ ਬਹਾਦਰ ਦਿਲ ਵੀ ਇਸ ਖੋਹ ਤੋਂ ਬੇਅਸਰ ਨਹੀਂ ਰਹਿ ਸਕਦਾ।

ਚਿਤਰੰਜਨ ਨੇ ਸੁਤੰਤਰ ਹਥ ਨਾਲ ਪ੍ਰਭਾ ਨੂੰ ਆਪਣੇ ਪਾਸੇ ਨਾਲ ਘੁਟਿਆ ਤੇ ਵਿਦੈਗੀ ਦੀ ਨਮਸਕਾਰ ਕੀਤੀ।

"ਪਰ, ਚਿਤਰੰਜਨ, ਮੈਂ ਮੁੜ ਨਹੀਂ ਸਕਦੀ" ਪ੍ਰਭਾ ਦੀਆਂ ਅੱਖਾਂ ਗਿਲੀਆਂ ਸਨ।

"ਓੜਕ ਮੁੜਨਾ ਹੀ ਹੋਵੇਗਾ" ਚਿਤਰੰਜਨ ਦੀਆਂ ਅੱਖਾਂ ਵਹਿ ਰਹੀਆਂ ਸਨ।

"ਦਸ ਕਦਮ ਪਹਿਲੋਂ ਮੇਰਾ ਵੀ ਇਹੀ ਖ਼ਿਆਲ ਸੀ – ਪਰ ਹੁਣ ਮੁੜਨਾ ਮੁਮਕਿਨ ਨਹੀਂ ਜਾਪਦਾ – ਮੈਂ ਤੁਹਾਡੇ ਨਾਲ ਜਾਵਾਂਗੀ, ਕਲ੍ਹ ਜਦੋਂ ਤੁਸੀ ਏਥੋਂ ਤੁਰੋਗੇ, ਮੈਂ ਮੁੜ ਆਵਾਂਗੀ।" ਪ੍ਰਭਾ ਨੇ ਥਾਣੇਦਾਰ ਵਲ

ਤੱਕ ਕੇ ਆਖਿਆ।

"ਮੈਂ ਚੌਕੀ ਉਤੇ ਆਪ ਦੀ ਰਿਹਾਇਸ਼ ਦਾ ਇੰਤਜ਼ਾਮ ਕਰ ਸਕਦਾ ਹਾਂ।" ਥਾਣੇਦਾਰ ਨੇ ਹਮਦਰਦੀ ਨਾਲ ਉੱਤਰ ਦਿੱਤਾ, "ਤੇ ਜੇ ਚਾਹੋ ਤਾਂ ਆਪ ਦੇ ਬੰਗਲੇ ਖ਼ਬਰ ਵੀ ਘਲ ਸਕਦਾ ਹਾਂ।"

"ਬੜੀ ਮਿਹਰਬਾਨੀ, ਪਰ ਖ਼ਬਰ ਭੇਜਣ ਦੀ ਲੋੜ ਨਹੀਂ" ਤੇ ਪ੍ਰਭਾ ਤੁਰਨਾ ਚਾਹੁੰਦੀ ਸੀ, ਕਿਉਂਕਿ ਉਹਦੀ ਖ਼ਾਤਰ ਪਾਰਟੀ ਨੂੰ ਅਵੇਰ ਹੋ ਰਹੀ ਸੀ।

"ਨਹੀਂ, ਪ੍ਰਭਾ, ਇਹ ਕਿਸ ਤਰ੍ਹਾਂ ਹੋ ਸਕਦਾ ਹੈ?" ਚਿਤਰੰਜਨ ਨੇ ਮੌਕੇ ਦੀ ਅਯੋਗਤਾ ਨੂੰ ਵਿਚਾਰ ਕੇ ਆਖਿਆ।

"ਇਹ ਏਸੇ ਤਰ੍ਹਾਂ ਹੀ ਹੋਵੇਗਾ – ਮੈਂ ਏਸ ਵੇਲੇ, ਪਤਾ ਨਹੀਂ ਕਿਉਂ ਤੇ ਕਿਸ ਤਰ੍ਹਾਂ, ਦੁਨੀਆ ਦੇ ਸਭ ਸਾਕਾਂ ਨਾਲੋਂ ਟੁੱਟ ਗਈ ਹਾਂ, ਤੁਹਾਡੀ ਹਥਕੜੀ ਵਿਚ ਮੇਰਾ ਹੱਥ ਵੀ ਬਝ ਜਾਏ, ਤੁਹਾਡੇ ਨਾਲ ਤੁਰਦੀ ਜਾਵਾਂ, ਤੁਹਾਡੀ ਹਵਾਲਾਤ ਵਿਚ ਰਵ੍ਹਾਂ, ਤੇ ਤੁਹਾਡੇ ਨਾਲ ਫਾਂਸੀ ਦੇ ਤਖ਼ਤੇ ਉਤੇ ਖੜੋਵਾਂ ਤੇ ਦੋਹਾਂ ਗਰਦਨਾਂ ਦਾ ਮਣਕਾ ਇਕੋ ਵਾਰੀ ਟੁੱਟ ਜਾਏ।" ਪ੍ਰਭਾ ਏਸ ਬੱਧੀ ਜਕੜੀ ਦੁਨੀਆ ਦੀ ਵੱਸੋਂ ਨਹੀਂ ਸੀ ਜਾਪਦੀ, ਉਹਦੀਆਂ ਅੱਖਾਂ ਵਿਚ ਕਿਸੇ ਆਕਾਸ਼ੀ ਪੰਛੀ ਦਾ ਅਕਸ ਸੀ।

ਚਿਤਰੰਜਨ ਦੀ ਬੇਯਾਰ ਅਵਸਥਾ, ਮਦਦ ਲਈ ਨਹੀਂ, ਸਾਥ ਲਈ ਭਾਵੇਂ ਕੂਕਦੀ ਸੀ, ਪਰ ਉਹ ਪ੍ਰਭਾ ਦੀ ਏਡੀ ਕੁਰਬਾਨੀ ਪ੍ਰਵਾਨ ਕਰਨ ਲਈ ਤਿਆਰ ਨਹੀਂ ਸੀ ਹੋ ਸਕਿਆ। ਕਾਲਜ ਵਿਚ ਪ੍ਰਭਾ ਉਹਦੀ ਇਕ ਸਾਧਾਰਨ ਮਿੱਤਰ ਸੀ, ਉਹ ਉਹਦੇ ਦਿਲ ਦਾ ਮਾਲਕ ਨਹੀਂ ਸੀ, ਨਾ ਉਸ ਨੇ ਆਪਣਾ ਦਿਲ ਪ੍ਰਭਾ ਨੂੰ ਕਦੇ ਭੇਟ ਕੀਤਾ ਸੀ। ਏਸ ਅੱਧੇ ਘੰਟੇ ਵਿਚ ਕਿਹੜਾ ਜਾਦੂ ਸੀ, ਜਿਸ ਨੇ ਪ੍ਰਭਾ ਵਰਗੀ ਬੇ-ਵਿਖਾਲਾ ਕੁੜੀ ਦਾ ਦਿਲ ਨੰਗਾ ਕਰ ਦਿਤਾ? ਦੋ ਵਰ੍ਹਿਆਂ ਵਿਚ ਜਿਹੜੇ ਇਕ ਦੂਜੇ ਨੂੰ ਅੱਖ ਭਰ ਕੇ ਤੱਕਣ ਦਾ ਹੀਆ ਨਹੀਂ ਸਨ ਕਰ ਸਕੇ, ਇਸ ਅੱਧੇ ਘੰਟੇ ਵਿਚ ਸੂਲੀ ਉਤੇ ਇਕ ਮਿੱਕ ਹੋਣ ਲਈ ਕੀਕਰ ਤਿਆਰ ਹੋ ਗਏ?

ਸੰਜੋਗ ਦੀਆਂ ਮੁਕਦੀਆਂ ਘੜੀਆਂ ਵਿਚ ਇਕ ਅਨੋਖੀ ਛੇਤੀ ਹੁੰਦੀ ਹੈ, ਜਿਹੜੇ ਇਕਰਾਰ ਯਾਰ੍ਹਾਂ ਘੜੀਆਂ ਵਿਚ ਨਹੀਂ ਹੁੰਦੇ, ਉਹ ਬਾਰ੍ਹਵੀਂ ਟਣਕਾਰ ਉਤੇ ਕਈ ਵਾਰੀ ਹੋ ਜਾਂਦੇ ਹਨ। ਸਫ਼ਰ ਦੀ ਅਖ਼ੀਰਲੀ ਪੜਾ ਜਾਂ ਜਹਾਜ਼ ਦੇ ਥਾਏਂ ਪਹੁੰਚਣ ਵਾਲੇ ਦਿਹਾੜੇ ਕਈ ਕਚ-ਪਕੀਆਂ ਯਾਰੀਆਂ ਪੀਡੀਆਂ ਹੋ ਜਾਂਦੀਆਂ ਹਨ। ਉਸੇ ਤਰ੍ਹਾਂ ਜ਼ਿੰਦਗੀ ਦੀਆਂ ਅਖ਼ੀਰਲੀਆਂ ਘੜੀਆਂ ਵਿਚ ਇਕੱਲੇ ਨਰੋਏ ਦਿਲ ਕਈ ਵਾਰੀ ਪਿਆਰ ਲਈ ਐਉਂ ਤੜਪ ਉਠਦੇ ਹਨ, ਕਿ ਜਿਹੜੀ ਝੋਲੀ ਖੁਲ੍ਹੀ ਜਾਂ ਅਧ-ਖੁਲ੍ਹੀ ਵੇਖਣ, ਉਸੇ ਵਿਚ ਫ਼ੜਕ ਢੈਂਦੇ ਹਨ।

ਪੰਜ ਦਿਨ, ਸਤ ਦਿਨ, ਜਵਾਨ ਜਿੰਦੜੀ, ਫਾਂਸੀ ਦਾ ਫੱਟਾ, ਬੇਯਾਰ, ਬੇ-ਪਿਆਰ, ਬੇ-ਕਸੂਰ, ਬੇ-ਦਾਗ਼, ਚਿਤਰੰਜਨ – ਤੇ ਬੇ-ਦਿਲ, ਬੇ-ਮੁਰੱਵਤ ਪਿਨਸ਼ਨੀ ਰਾਏ ਬਹਾਦਰ ਦੀ ਪੁੱਤਰੀ ਪ੍ਰਭਾ, ਇਕੱਲੀ, ਅਨਮੱਲੀ, ਆਪਣੇ ਆਤਮ-ਰਹਿਤ ਦੁਆਲੇ ਤੋਂ ਨਿਰਾਸ, ਦਲੇਰ, ਨਿਡਰ, ਪਾਬੰਦੀਆਂ ਤੋਂ ਬਾਗ਼ੀ, ਉਡਾਰੀ ਲਈ ਫੜਫੜਾਂਦੀ ਨੇ ਇਕ ਦਮ ਆਪਣੇ ਮਨ ਵਿਚ ਕੇਸਰੀ ਪੱਲੇ ਦੀ ਥਾਂ ਫਾਂਸੀ ਦੇ ਰੱਸੇ ਨੂੰ ਫੜ ਕੇ ਆਪਣਾ ਕਾਜ ਰਚਾ ਲਿਆ।

ਪਾਰਟੀ ਪੁਲੀਸ ਚੌਕੀ ਤੇ ਪਹੁੰਚੀ। ਜ਼ਿੰਦਾ-ਦਿਲ ਥਾਣੇਦਾਰ ਨੂੰ ਵੀ ਪ੍ਰਭਾ ਤੇ ਚਿਤਰੰਜਨ ਦੇ ਮਾਤਮੀ ਇਸ਼ਕ ਵਿਚੋਂ ਇਕ ਤਰਸ ਭਰਿਆ ਸਰੂਰ ਆ ਰਿਹਾ ਸੀ। ਉਹਨੂੰ ਚਿਤਰੰਜਨ ਕੋਲੋਂ ਕੋਈ ਡਰ ਨਹੀਂ ਸੀ, ਉਹਦਾ ਕੈਦੀ ਕਦੇ ਵਸਾਹ-ਘਾਤ ਨਹੀਂ ਸੀ ਕਰ ਸਕਦਾ। ਉਹ ਏਸ ਮੁਹਲਕ ਨਵ-ਪ੍ਰੀਤ ਦੇ ਪਹਿਲੇ ਤੇ ਅਖ਼ੀਰਲੇ ਮੁਖਲਾਹਵੇ (ਮੁਕਲਾਵੇ) ਨੂੰ ਹਿਤ ਤੇ ਹੰਝੂ ਭਰੀਆਂ ਅੱਖਾਂ ਨਾਲ ਵੇਖ ਰਿਹਾ ਸੀ, ਤੇ ਜਿਵੇਂ ਮਰਨ ਵਾਲੇ ਮਨੁੱਖ ਦੀਆਂ ਅੰਤਮ ਅਸਾਧਾਰਨ ਮੰਗਾਂ ਪੂਰੀਆਂ ਕਰਨ ਦਾ ਜਤਨ ਕੀਤਾ ਜਾਂਦਾ ਹੈ,ਓਵੇਂ ਉਸ ਥਾਣੇਦਾਰ ਨੇ ਚਿਤਰੰਜਨ ਦੀਆਂ ਅਨਦੱਸੀਆਂ ਖ਼ਾਹਿਸ਼ਾਂ ਪੂਰੀਆਂ ਕੀਤੀਆਂ।

ਹਥਕੜੀ ਲਹਿ ਗਈ, ਚੌਕੀ ਦਾ ਚੰਗਾ ਕਮਰਾ ਕੈਦੀ ਨੂੰ ਦਿੱਤਾ ਗਿਆ। ਰੋਟੀ ਰੀਝ ਨਾਲ ਬਣਾਈ ਗਈ, ਆਦਰ ਨਾਲ ਛਕਾਈ ਗਈ। ਸਭ

ਅਚੰਭਾ ਸਨ, ਕਿ ਜ਼ਿੰਦਗੀ ਮੌਤ ਨਾਲ ਵਿਆਹੀ ਜਾ ਰਹੀ ਸੀ। ਇਸ ਸਾਰੀ ਅਵਸਥਾ ਵਿਚ ਇਕ ਨਿਰਾਲਾ ਤਰਸ ਸੀ, ਜਿਹੜਾ ਕਦੇ ਇਕ ਅਧ ਵਾਰੀ ਹੀ ਸਾਰੀ ਜ਼ਿੰਦਗੀ ਵਿਚ ਆਉਂਦਾ ਹੈ। ਜੋ ਕੋਈ ਸੁਣਦਾ ਸੀ, ਮੋਹਿਆ ਜਾਂਦਾ ਸੀ, ਤੇ ਉਸ ਬੇ-ਮਰਿਆਦਗੀ ਦੀ ਗੋਂਦ ਵਿਚ ਸ਼ਰੀਕ ਹੋ ਜਾਂਦਾ ਸੀ, ਪਰਦੇ ਪਾਂਦਾ ਸੀ, ਦੁਆਆਂ ਕਰਦਾ ਸੀ।

# ੨

ਦਿਨ ਦੀ ਪਰਭਾਤ ! ਪ੍ਰਭਾ ਦੀ ਸੰਧਿਆ ! ਸੂਰਜ ਦੀਆਂ ਕਿਰਨਾਂ ! ਚਿਤਰੰਜਨ ਦੀ ਮਸਿਆ ! ਮਿਲਣੀ ਮੁੱਕ ਗਈ ! ਖ਼ਾਬ ਟੁੱਟ ਗਈ ! ਪਰ ਕਈ ਖ਼ਾਬਾਂ ਦਾ ਚੇਤਾ ਖ਼ਾਬ ਨਾਲੋਂ ਵੀ ਮਿੱਠਾ ਹੁੰਦਾ ਹੈ, ਦੇਰ ਤਕ ਜੁਦਾਈ ਦੀਆਂ ਘੜੀਆਂ ਨੂੰ ਭਰੀ ਰਖਦਾ ਹੈ, ਫ਼ੁਰਕਤ ਦਾ ਦਿਲ-ਪਰਚਾਵਾ ਮੁਸੀ-ਬਤ ਦਾ ਸਹਾਰਾ ਹੁੰਦਾ ਹੈ।

ਕੈਦੀ ਤੇ ਸਿਪਾਹੀ ਤਿਆਰ ਹੋ ਕੇ ਲਾਰੀ ਕੋਲ ਖੜੇ ਸਨ। ਟਾਂਗੇ ਦੀ ਉਡੀਕ ਹੋ ਰਹੀ ਸੀ, ਉਹ ਵੀ ਆ ਪਹੁੰਚਾ। ਥਾਣੇਦਾਰ ਨੇ ਪਹਿਲੋਂ ਚਿਤ-ਰੰਜਨ ਤੇ ਫੇਰ ਪ੍ਰਭਾ ਵਲ ਤੱਕਿਆ। ਉਹਦਾ ਖ਼ਿਆਲ ਸੀ, ਕਿ ਵਿਛੋੜਾ ਬੜਾ ਦਰਦਨਾਕ ਹੋਵੇਗਾ। ਪਰ ਦੋਵੇਂ ਮੂੰਹ ਚੁਪ ਸਨ, ਸਬਰ ਦੀਆਂ ਤਸ-ਵੀਰਾਂ ! ਹਰ ਕਿਸੇ ਨੂੰ ਭਾਵੇਂ ਪਤਾ ਨਹੀਂ ਹੋਣਾ, ਪਰ ਜਿਸ ਪ੍ਰੀਤ ਕੀਤੀ ਹੈ, ਜਿਸ ਨੇ ਮਿਲਣੀ ਦੀ ਰਾਤੇ ਹਰ ਘੜੀ ਜਾਗ ਕੇ ਪ੍ਰਿਯ-ਦੀਦਾਰ ਨਾਲ ਅੱਖੀਆਂ ਭਰੀਆਂ ਹਨ ਤੇ ਉਮਰ-ਪੁਰਾਣੇ ਅਰਮਾਨ ਇਕ ਵਾਰੀ ਰੋ ਕੱਢੇ ਹਨ, ਉਹਦਾ ਵਿਛੋੜਾ ਬੇ-ਸ਼ਬਦ ਤੇ ਬੇ-ਹੰਝੂ ਹੁੰਦਾ ਹੈ। ਚੋਖੀ ਦੇਰ ਤਕ

ਅੱਖੀਆਂ ਵਿਚ ਮਿੱਠਾ ਝਾਉਲਾ ਵਸਦਾ ਰਹਿੰਦਾ ਹੈ ਤੇ ਰੋਣ ਨਹੀਂ ਦੇਂਦਾ।

ਸਿਪਾਹੀ ਲਾਰੀ ਵਿਚ ਬੈਠ ਗਏ। ਚਿਤਰੰਜਨ ਨੇ ਉਤਾਂਹ ਤੱਕਿਆ, ਪ੍ਰਭਾ ਨੇ ਵੀ। ਸ਼ਬਦ ਸਭ ਆਖੇ ਜਾ ਚੁਕੇ ਹੋਣਗੇ – ਹੁਣ ਦੋਹਾਂ ਮੂੰਹਾਂ ਵਿਚੋਂ ਕੁਝ ਨਾ ਨਿਕਲਿਆ। ਹੌਲਦਾਰ ਦੇ ਹਥ ਵਿਚ ਜ਼ੰਜੀਰ ਛਣਕੀ, ਤਾਂ ਚਿਤਰੰਜਨ ਨੇ ਪ੍ਰਭਾ ਦੇ ਦੋਵੇਂ ਹਥ ਫੜ ਲਏ:–

"ਹਥਕੜੀ ਲਗਣ ਤੋਂ ਪਹਿਲਾਂ, ਪ੍ਰਭਾ ਜੀ, ਇਕ ਵਾਰੀ ਇਨ੍ਹਾਂ ਨੂੰ ਫੇਰ ਘੁਟ ਲਵਾਂ ? ਅਖ਼ੀਰਲੀ ਵਾਰੀ !"

"ਮੈਂ ਮੁਜ਼ੱਫਰਪੁਰ ਆਵਾਂਗੀ – ਫੇਰ ਮਿਲਾਂਗੀ–ਫੇਰ ਹਥ ਘੁੱਟਾਂਗੀ।" ਪ੍ਰਭਾ ਦੇ ਮੂੰਹ ਉੱਤੇ ਕਿਸੇ ਇਰਾਦੇ ਦੀ ਦ੍ਰਿੜ੍ਹਤਾ ਸੀ।

ਲਾਰੀ ਤੁਰ ਪਈ। ਪ੍ਰਭਾ ਵੇਖਦੀ ਰਹੀ। ਮੋੜ ਉਤੋਂ ਹਥਕੜੀ ਵਾਲਾ ਹਥ ਜ਼ੋਰ ਨਾਲ ਹਿਲਿਆ। ਫੇਰ ਮੁਖ ਅਲੋਪ ਹੋ ਗਿਆ। ਟਾਂਗਾ ਵੀ ਤੁਰ ਪਿਆ।

ਉਹਦੀ ਢੂੰਡ ਭਾਲ ਕਾਫ਼ੀ ਹੋ ਚੁਕੀ ਸੀ। ਮਾਤਾ ਪਿਤਾ ਬੜੇ ਚਿੰਤਾ-ਤਰ ਸਨ, ਕਿ ਪ੍ਰਭਾ ਆ ਪਹੁੰਚੀ। ਟਾਂਗੇ ਵਾਲੇ ਨੂੰ ਉਹ ਦੂਰੋਂ ਹੀ ਵਿਦਿਆ ਕਰ ਆਈ ਸੀ। ਕੁਝ ਨਿਡਰ ਤੇ ਉਹ ਸੁਭਾਵਕ ਹੀ ਸੀ, ਪਰ ਅਜ ਉਹਦੇ ਮੂੰਹ ਉੱਤੇ ਡਰ ਦਾ ਮਾਸਾ ਜਿੰਨਾਂ ਚਿੰਨ੍ਹ ਵੀ ਨਹੀਂ ਸੀ। ਉਹ ਨਿਰਾਸ ਵੀ ਨਹੀਂ ਸੀ, ਕਿਉਂਕਿ ਜੋ ਕਦਮ ਉਸ ਚੁਕਿਆ ਸੀ, ਸਭ ਕਿਸਮਤਾਂ ਜੋਖ ਕੇ ਚੁਕਿਆ ਸੀ। ਉਸ ਨੇ ਜਾਣ ਬੁੱਝ ਕੇ ਮੌਤ-ਮੂੰਹ-ਫੜੇ ਪ੍ਰੀਤਮ ਨੂੰ ਚੁਣਿਆ ਸੀ।

ਮਾਤਾ ਪਿਤਾ ਨੇ ਜਵਾਨ ਧੀ ਦੇ ਰਾਤ ਬਾਹਰ ਰਹਿਣ ਦਾ ਕਾਰਨ ਪੁਛਿਆ। ਪ੍ਰਭਾ ਨੇ ਬਿਨਾਂ ਝਿਝਕ ਉੱਤਰ ਦਿੱਤਾ:–

"ਮੈਂ ਸੈਰ ਕਰਦੀ ਜਾ ਰਹੀ ਸਾਂ। ਇਕ ਲਾਰੀ ਬ੍ਰਿਛ ਨਾਲ ਟਕਰਾ ਗਈ। ਉਹਦੀਆਂ ਸਵਾਰੀਆਂ ਵਿਚ ਸਾਡੀ ਜਮਾਤ ਦਾ ਇਕ ਮੁੰਡਾ ਸੀ – ਜਿਸ ਨੂੰ ਮੈਂ ਹਮੇਸ਼ਾਂ ਬੜਾ ਚੰਗਾ ਸਮਝਦੀ ਰਹੀ ਹਾਂ। ਸੱਟਾਂ ਤੇ ਬਹੁਤ ਨਹੀਂ ਸਨ ਲਗੀਆਂ ਪਰ ਉਹ ਦੁਖੀ ਬਹੁਤ ਸੀ। ਉਨ੍ਹਾਂ ਨਾਲ ਦੇ ਪਿੰਡ

ਜਾਣਾ ਸੀ। ਮੇਰਾ ਸਾਥ ਉਹਨੂੰ ਸੁਖਾਂਦਾ ਜਾਪਦਾ ਸੀ, ਮੈਂ ਨਾਲੇ ਤੁਰਦੀ ਚਲੀ ਗਈ।"

"ਕੀ ਉਹਦਾ ਘਰ ਉਥੇ ਹੈ? ਉਹਦੇ ਮਾਤਾ ਪਿਤਾ ਉਥੇ ਹੀ ਰਹਿੰਦੇ ਹਨ?" ਮਾਂ ਨੇ ਆਪਣੀ ਤਸੱਲੀ ਲਈ ਪੁੱਛਿਆ –

"ਇਸ ਸਵਾਲ ਦਾ ਉੱਤਰ ਮੈਂ ਇਕ ਹਫਤੇ ਨੂੰ ਦਿਆਂਗੀ। ਪਰਸੋਂ ਮੈਂ ਪਿਤਾ ਜੀ ਨੂੰ ਗੱਡੀ ਦੀ ਤਕਲੀਫ ਦਿਆਂਗੀ, ਮੈਂ ਮੁਜ਼ੱਫਰਪੁਰ ਜਾਣਾ ਹੈ – ਉਥੋਂ ਆ ਕੇ ਆਪ ਨੂੰ ਇਸ ਮਾਮਲੇ ਦੀ ਹਰ ਨਿੱਕੀ ਵੱਡੀ ਗਲ ਸੁਣਾਵਾਂਗੀ – ਮੇਰੇ ਮਾਤਾ ਜੀ ਬਿਲਕੁਲ ਚਿੰਤਾ ਨਾ ਕਰਨ।" ਤੇ ਪ੍ਰਭਾ ਨੇ ਬਣ ਚੁਕੇ ਮਨ ਦੀ ਸੁਖੈਨਤਾ ਨਾਲ ਮਾਂ ਦੇ ਗਲ ਬਾਹਵਾਂ ਪਾ ਕੇ ਉਹਦੇ ਸਭ ਸ਼ੰਕੇ ਦੂਰ ਕਰ ਦਿੱਤੇ।

# ੩

ਸਾਰੀ ਰਾਤ ਪ੍ਰਭਾ ਵਡੀ ਜਿਹਲ ਤੇ ਕਚਹਿਰੀ ਦੇ ਸੁਪਨੇ ਵੇਖਦੀ ਰਹੀ। ਚਿਤਰੰਜਨ ਨੂੰ ਭਾਵੇਂ ਬਚਣ ਦੀ ਆਸ ਕੋਈ ਨਹੀਂ ਸੀ, ਪਰ ਪ੍ਰਭਾ ਨੂੰ ਇਹ ਯਕੀਨ ਬਿਲਕੁਲ ਨਹੀਂ ਸੀ ਆਉਂਦਾ ਕਿ ਬੇ-ਕਸੂਰ ਆਦਮੀ ਫਾਂਸੀ ਉਤੇ ਲਟਕਾ ਦਿੱਤਾ ਜਾਏਗਾ। ਉਸ ਨੇ ਪੱਕ ਕਰ ਲਿਆ ਸੀ ਕਿ ਉਹ ਮੁਜ਼ੱਫਰਪੁਰ ਜਾ ਕੇ ਇਕ ਬੜੇ ਪ੍ਰਸਿਧ ਸਿਆਣੇ ਵਕੀਲ ਦੀ ਸਲਾਹ ਲਏਗੀ। ਉਹਦੀ ਫ਼ੀਸ ਦਾ ਪ੍ਰਬੰਧ ਉਹ ਕਰ ਸਕਦੀ ਸੀ, ਕਿਉਂਕਿ ਪਿਤਾ ਵਲੋਂ ਉਹਨੂੰ ਖ਼ਰਚ ਖੁਲ੍ਹਾ ਮਿਲਦਾ ਸੀ, ਤੇ ਸੰਜਮੀ ਹੋਣ ਕਰ ਕੇ ਉਸ ਨੇ ਆਪਣੇ ਹਿਸਾਬ ਵਿਚ ਇਕ ਨਿੱਕੀ ਜਿਹੀ ਰਕਮ ਜੋੜ ਲਈ ਸੀ।

ਜਾਗਦੀ ਸੌਂਦੀ, ਉਬੜ-ਵਾਹੇ ਉਠਦੀ ਤੇ ਫੇਰ ਲੰਮੀ ਪੈਂਦੀ ਨੇ ਉਹ ਰਾਤ ਕੱਢੀ। ਤਨ ਮਨ ਵਿਚ ਕਿਸੇ ਦੇ ਸਮਾ ਜਾਣ ਦੀ ਜਿਹੜੀ ਅਵਸਥਾ ਆਖੀ ਜਾਂਦੀ ਹੈ, ਉਹ ਪ੍ਰਭਾ ਦੀ ਸੀ। ਉੱਠੀ ਤਾਂ ਕਿਸੇ ਕੰਮ ਵਲ ਰੁਚੀ ਨਹੀਂ ਸੀ, ਲੋਕਾਂ ਦੀਆਂ ਵਾਜਾਂ ਸੁਣਾਈ ਨਹੀਂ ਸਨ ਦੇਂਦੀਆਂ। ਕੋਲੋਂ ਦੀ ਗਿਆ ਕੋਈ ਦਿਸਦਾ ਨਹੀਂ ਸੀ। ਅੰਗ ਮਿਲਣੀ ਦੀ ਛੁਹ ਨਾਲ ਅਜੇ

ਵੀ ਧੜਕ ਰਹੇ ਸਨ, ਇਹ ਛੁਹ ਕਿਸੇ ਕਿਸੇ ਵੇਲੇ ਏਡੀ ਹਕੀਕੀ ਭਾਸਦੀ ਸੀ ਕਿ ਉਹਦੀਆਂ ਅੱਖਾਂ ਆਪੇ ਬੰਦ ਹੋ ਜਾਂਦੀਆਂ ਹਨ, ਤੇ ਜਦੋਂ ਖੁਲ੍ਹਦੀਆਂ ਸਨ, ਉਹ ਹੈਰਾਨ ਹੋ ਕੇ ਤਕਦੀ ਸੀ ਕਿ ਕੀ ਉਹ ਉਹਦੇ ਪਿਤਾ ਦਾ ਬੰਗਲਾ ਸੀ, ਜਾਂ ਕੈਦੀ ਦੀ ਚੌਕੀ ਸੀ।

ਮਾਂ ਨੂੰ ਪ੍ਰਭਾ ਦਾ ਉਸ ਸਾਰੇ ਦਿਨ ਦਾ ਵਤੀਰਾ ਓਪਰਾ ਜਾਪਦਾ ਸੀ, ਕਿਉਂਕਿ ਓਦਨ ਨਾ ਤੇ ਉਸ ਕੋਈ ਕਿਤਾਬ ਪੜ੍ਹੀ ਤੇ ਨਾ ਉਸ ਬਿਨ ਬੁਲਾਏ ਕਿਸੇ ਨਾਲ ਗਲ ਕੀਤੀ, ਪਰ ਪ੍ਰਭਾ ਦੀ ਸਿਆਣਪ ਦਾ ਮਾਂ ਨੂੰ ਕੋਈ ਸ਼ਕ ਨਹੀਂ ਸੀ। ਪ੍ਰਭਾ ਦੇ ਸ਼ੌਕ ਬੜੇ ਸੁਘੜ ਤੇ ਮਨ ਦਾ ਕਾਬੂ ਆਪਣੀ ਉਮਰ ਨਾਲੋਂ ਬੜਾ ਸਿਆਣਾ ਸਮਝੇ ਜਾਂਦੇ ਸਨ।

ਉਹ ਸਾਰਾ ਦਿਨ ਦੂਜੇ ਭਲਕ ਮੁਜ਼ੱਫਰਪੁਰ ਜਾ ਕੇ ਚਿਤਰੰਜਨ ਲਈ ਸਹਾਇਤਾ ਦੇ ਖ਼ਿਆਲਾਂ ਵਿਚ ਗ਼ਰਕ ਰਹੀ। ਸ਼ਾਮ ਹੋ ਗਈ ਤੇ ਉਹ ਤਦ ਵੀ ਬਾਹਰੋਂ ਕੋਠੀ ਦੇ ਚਮਨ ਵਿਚੋਂ ਅੰਦਰ ਨਾ ਆਈ।

ਹਨੇਰਾ ਜਿਹਾ ਹੋ ਜਾਣ ਕਰ ਕੇ ਮਾਂ ਉਹਨੂੰ ਵੇਖਣ ਆਈ। ਪ੍ਰਭਾ ਨਰਗਸ ਦੇ ਖਿੜੇ ਫੁਲਾਂ ਦੀ ਕਿਆਰੀ ਨੇੜੇ ਬੈਂਚ ਉਤੇ ਬੈਠੀ ਹੋਈ ਸੀ। ਫੁਲਾਂ ਦੀਆਂ ਅੱਖਾਂ ਤੇ ਪ੍ਰਭਾ ਦੀਆਂ ਅੱਖਾਂ ਵਿਚ ਸਿਰਫ਼ ਰੰਗ ਦਾ ਹੀ ਫ਼ਰਕ ਸੀ। ਦੋਵੇਂ ਨੀਵੀਆਂ, ਕੋਮਲ ਤੇ ਗਿੱਲੀਆਂ ਸਨ।

ਮਾਂ ਵੀ ਕੋਲ ਬਹਿ ਗਈ। ਪ੍ਰਭਾ ਦੋ ਫੁਲ ਤੋੜ ਲਿਆਈ ਤੇ ਉਨ੍ਹਾਂ ਦੀਆਂ ਚਿੱਟੀਆਂ ਪੱਤੀਆਂ ਵਿਚ ਪੀਲੀਆਂ ਪੰਖੜੀਆਂ ਨੂੰ ਕਿਸੇ ਮਿੱਠੇ ਗ਼ਮ ਵਿਚ ਰੋਂਦੀਆਂ ਅੱਖੜੀਆਂ ਨਾਲ ਤੁਲਨਾ ਦੇ ਰਹੀ ਸੀ, ਕਿ ਉਹਦੇ ਪਿਤਾ ਦੀ ਮੋਟਰ ਨੇ ਆ ਹਾਰਨ ਵਜਾਇਆ। ਮਾਂ ਬੇਟੀ ਨੂੰ ਚਮਨ ਵਿਚ ਬੈਠਾ ਵੇਖ ਕੇ ਰਾਓ ਸਾਹਿਬ ਵੀ ਉਥੇ ਆ ਗਿਆ। ਮਾਂ ਨੇ ਉਹ ਨਰਗਸ ਦਾ ਫੁਲ ਉਹਨੂੰ ਫੜਾ ਦਿੱਤਾ।

ਉਹ ਏਸ ਫੁਲ ਨੂੰ ਕੋਟ ਦੇ ਕਾਲਰ ਵਿਚ ਟੁੰਗ ਹੀ ਰਿਹਾ ਸੀ, ਕਿ ਉਹਦੇ ਪੈਰ ਲੜਖੜਾਏ। ਉਸ ਸਾਹਮਣੇ ਤਕਿਆ ਤਾਂ ਉਹਦੀ ਪਤਨੀ ਬੈਂਚ ਉਤੋਂ ਹੇਠਾਂ ਡਿਗ ਪਈ ਸੀ ਤੇ ਪ੍ਰਭਾ ਉਹਦਾ ਹਥ ਫੜਦੀ ਆਪ ਵੀ

ਢੈ ਪਈ। ਉਸ ਕੋਠੀ ਵਲ ਤਕਿਆ ਤਾਂ ਉਹ ਝੂਲ ਰਹੀ ਸੀ। ਸਭ ਪਸਿਆਂ ਤੋਂ "ਰਾਮ ਰਾਮ" ਦੀਆਂ ਵਾਜਾਂ ਆ ਰਹੀਆਂ ਸਨ।

ਵਿੰਹਦਿਆਂ ਵਿੰਹਦਿਆਂ ਕੋਠੀ ਦੀਆਂ ਕਈ ਕੰਧਾਂ ਭੂੰਜੇ ਆ ਪਈਆਂ, ਛੱਤਾਂ ਕਾੜ ਕਰਦੀਆਂ ਵਿਚ ਢੈ ਪਈਆਂ। ਪ੍ਰਭਾ ਦੀ ਮਾਂ ਬੇਹੋਸ਼ ਹੋ ਗਈ, ਪ੍ਰਭਾ ਉਹਨੂੰ ਜੱਫੀ ਪਾਈ ਨਾਲ ਪਈ ਸੀ, ਰਾਓ ਸਾਹਿਬ ਵੀ ਭੁੰਜੇ ਡਿਗ ਪਏ। ਨਾਲ ਦੀ ਕੋਠੀ ਵੀ ਖੰਡਰ ਬਣ ਗਈ, ਚੀਕ ਚਿਹਾੜਾ ਮਚ ਗਿਆ। "ਸਾਰੇ ਹੇਠਾਂ ਆ ਗਏ" – "ਓ ਮੇਰਾ ਪੁੱਤਰ !" "ਓ ਸਾਡੇ ਬਾਬੂ ਜੀ !" "ਓ ਕੋਈ ਮੈਨੂੰ ਕੱਢੋ !" ਦੀਆਂ ਦਿਲ ਵਿੰਨ੍ਹਵੀਆਂ ਚੀਕਾਂ ਨਾਲ ਆਕਾਸ਼ ਭਰ ਗਿਆ।

ਜ਼ਰਾ ਕੁ ਧਰਤੀ ਸੰਭਲੀ, ਝੂਟਾ ਬੰਦ ਹੋਇਆ, ਰਾਓ ਸਾਹਿਬ ਆਪਣੀ ਪਤਨੀ ਤੇ ਪੁੱਤਰੀ ਕੋਲ ਗਏ। ਮਾਂ ਨੂੰ ਹੋਸ਼ ਆਈ, ਸਮਝ ਗਈ ਕਿ ਇਹ ਭੁਚਾਲ ਆਇਆ ਸੀ, ਪਤੀ ਨਾਲ ਓਬੜ ਕੇ ਸ਼ੁਕਰ ਕੀਤਾ ਕਿ ਪ੍ਰਭਾ ਅਜ ਦੇਰ ਤਕ ਬਾਹਰ ਬੈਠੀ ਰਹੀ ਸੀ, ਜਿਦ੍ਹੇ ਕਰ ਕੇ ਉਹ ਸਾਰੇ ਕੋਠੀ ਵਿਚ ਨਹੀਂ ਸਨ ਤੇ ਬਚ ਗਏ। ਏਨੇ ਨੂੰ ਇਕ ਹੋਰ ਭਿਆਨਕ ਹਲੂਣਾ ਆਇਆ। ਵਿਚਲਾ ਕਮਰਾ ਜਿਹੜਾ ਅਜੇ ਖਲੋਤਾ ਹੋਇਆ ਸੀ, ਉਹ ਵੀ ਢੈ ਪਿਆ। ਤਿੰਨੇ ਜਣੇ ਡਰ ਕੇ ਇਕ ਦੂਜੇ ਨਾਲ ਲਿਪਟ ਗਏ। ਮੌਤ ਦੇ ਸਹਿਮ ਨੇ ਤਿੰਨਾਂ ਜਿੰਦਾਂ ਨੂੰ ਇਕ ਕਰ ਦਿੱਤਾ ਸੀ।

ਝਟਕੇ ਬੰਦ ਹੋ ਗਏ। ਸਭ ਪਾਸਿਆਂ ਤੋਂ ਬਰਬਾਦੀ ਦੀਆਂ ਢਾਆਂ ਆ ਰਹੀਆਂ ਸਨ। ਸਿਆਲੇ ਦੇ ਦਿਨ ਸਨ, ਠੰਢ ਉਤਰਦੀ ਆ ਰਹੀ ਸੀ, ਸਿਰ ਲੁਕਾਉਣ ਨੂੰ ਛਤ ਕੋਈ ਖੜੋਤੀ ਨਹੀਂ ਸੀ ਦਿਸਦੀ, ਤੇ ਜੇ ਕੋਈ ਢਾਰਾ ਵਰਾਂਡਾ ਅਜੇ ਖੜੋਤਾ ਵੀ ਹੈ ਸੀ, ਤਾਂ ਉਹ ਮੌਤ ਦਾ ਪਿੰਜਰਾ ਜਾਪਦਾ ਸੀ।

ਪ੍ਰਭਾ ਨੂੰ ਆਪਣੇ ਨੌਕਰਾਂ ਦਾ ਖ਼ਿਆਲ ਆਇਆ। ਉਹ ਰਸੋਈ ਵਲ ਗਈ। ਉਥੇ ਉਨ੍ਹਾਂ ਦਾ ਮਿਹਤਰ ਤੇ ਉਹਦੀ ਵਹੁਟੀ ਦਬਾ ਦਬ ਇੱਟਾਂ ਤੇ ਲਕੜਾਂ ਇਕ ਥਾਉਂ ਚੁਕ ਰਹੇ ਸਨ। ਪ੍ਰਭਾ ਵੀ ਦੌੜਦੀ ਉਥੇ ਗਈ।

"ਪੰਡਤ ਹੋਰੀ ਦਬ ਘੱਤੇ ਹਨ –" ਮਿਹਤਰ ਨੇ ਆਖਿਆ:–

ਪ੍ਰਭਾ ਵੀ ਉਹਨਾਂ ਨਾਲ ਜੁਟ ਗਈ, ਮਿਹਤਰਾਨੀ ਆਪਣਾ ਕਪੜਾ ਪ੍ਰਭਾ ਕੋਲੋਂ ਬਚਾਂਦੀ ਸੀ, ਪਰ ਪ੍ਰਭਾ ਨੂੰ ਕੁਝ ਨਹੀਂ ਸੀ ਸੁਝਦਾ, ਉਹ ਆਪਣੇ ਬੁੱਢੇ ਰਸੋਈਏ ਨੂੰ ਪੁਟ ਕੱਢਣ ਲਈ ਮਸ਼ੀਨ ਬਣੀ ਹੋਈ ਸੀ। ਲਕੜਾਂ ਪੁਟ ਕੱਢੀਆਂ, ਇੱਟਾਂ ਵਗਾਹ ਮਾਰੀਆਂ, ਹਥ ਕਾਣੇ ਹੋ ਗਏ। ਪੋਟਿਆਂ ਚੋਂ ਲਹੂ ਚੋ ਰਿਹਾ ਸੀ, ਸਾੜ੍ਹੀ ਫਿਸ ਗਈ।

ਪਰ ਰਸੋਈਏ ਨੂੰ ਸਟ ਕੋਈ ਨਾ ਲਗੀ, ਇਤਫ਼ਾਕ ਨਾਲ ਉਹਦੇ ਦੁਆਲੇ ਇਕ ਸ਼ਤੀਰ ਦੇ ਨਾਲ ਖੋਝਾ ਜਿਹਾ ਬਣ ਗਿਆ ਸੀ। ਬੁੱਢੇ ਮਿਸ਼ਰ ਨੇ ਹਥੀਂ ਪਾਲੀ ਪ੍ਰਭਾ ਨੂੰ ਗਲ ਨਾਲ ਲਾ ਲਿਆ, ਉਹਦੇ ਜ਼ਖਮੀ ਪੋਟਿਆਂ ਨੂੰ ਚੁੰਮਿਆ, ਅੱਖਾਂ ਨਾਲ ਲਾਇਆ, ਰਾਓ ਤੇ ਰਾਣੀ ਦੀ ਸੁਖ ਪੁੱਛੀ।

ਪ੍ਰਭਾ ਨੇ ਮਿਹਤਰਾਨੀ ਦੀ ਬੜੀ ਸ਼ਲਾਘਾ ਕੀਤੀ, ਉਹ ਪ੍ਰਭਾ ਕੋਲੋਂ ਪਰ੍ਹਾਂ ਪਰ੍ਹਾਂ ਹਟਦੀ ਸੀ, ਪਰ ਪ੍ਰਭਾ ਨੇ ਉਹਨੂੰ ਗਲ ਨਾਲ ਘੁਟ ਲਿਆ ਤੇ ਪੁਛਿਆ ਕਿ ਉਹਦੇ ਬੱਚੇ ਕੀਕਰ ਰਹੇ।

"ਅਸੀ ਵੀ ਸਾਰੇ ਦੱਬ ਘੱਤੇ ਸਾਂ, ਪਰ ਸਾਡੀ ਝੁੱਗੀ ਦੇ ਕਾਨੇ ਭਾਰੇ ਨਹੀਂ ਸਨ – ਅਸੀ ਸਾਰੇ ਸਹੀ ਸਲਾਮਤ ਨਿਕਲ ਆਏ ਹਾਂ।" ਮਿਹਤਰ ਨੇ ਆਖਿਆ।

ਰਾਓ ਸਾਹਬ ਦੀ ਮੋਟਰ ਗਰਾਜ ਵਿਚ ਨਾ ਹੋਣ ਕਰ ਕੇ ਸਾਬਤ ਰਹੀ। ਉਹਨਾਂ ਨੇ ਪ੍ਰਭਾ ਤੇ ਉਹਦੀ ਮਾਤਾ ਨੂੰ ਵਿਚ ਬਿਠਾ ਲਿਆ ਤੇ ਚਾਹਿਆ ਕਿ ਬਾਹਰ ਜਾ ਕੇ ਸਾਰੀ ਦਸ਼ਾ ਦਾ ਪਤਾ ਕਰਨ, ਤੇ ਜੇ ਕਿਤੇ ਸਿਰ ਲੁਕਾਈ ਹੋ ਸਕਦੀ ਹੈ, ਤਾਂ ਪ੍ਰਬੰਧ ਕਰਨ, ਪਰ ਦੋ ਫ਼ਰਲਾਂਗ ਜਾ ਕੇ ਮੁੜ ਆਏ। ਸੜਕ ਬੰਦ ਪਈ ਸੀ, ਦੁਪਾਸੀ ਪੁਲੀਆਂ ਢੱਠੀਆਂ ਹੋਈਆਂ ਸਨ। ਸੜਕ ਪਛਾਣੀ ਨਹੀਂ ਸੀ ਜਾਂਦੀ।

ਰਾਓ ਸਾਹਬ ਤੇ ਪਰਵਾਰ ਨੇ ਇਹ ਰਾਤ ਮੋਟਰ ਵਿਚ ਗੁਜ਼ਾਰੀ। ਸਾਰੀ ਰਾਤ ਨਿਕੇ ਵਡੇ ਹਲੂਣੇ ਆਉਂਦੇ ਰਹੇ, ਪਰ ਉਹਨਾਂ ਨੂੰ ਅਜੇ ਏਸ ਹਾਦਸੇ ਦੀ ਭਿਆਨਕਤਾ ਦਾ ਪੂਰਾ ਗਿਆਨ ਨਹੀਂ ਸੀ। ਦਿਨ ਚੜ੍ਹਿਆ, ਤਾਂ ਤਰ੍ਹਾਂ ਤਰ੍ਹਾਂ ਦੀਆਂ ਖ਼ਬਰਾਂ ਪਹੁੰਚੀਆਂ। ਜ਼ਮੀਨ ਪਾਟ ਪਈ ਸੀ, ਪਾਣ। ਨਿਕਲ

ਆਇਆ ਸੀ, ਥਾਂ ਥਾਂ ਪਾਣੀ ਫਿਰ ਰਿਹਾ ਸੀ, ਮੁਜ਼ੱਫਰਪੁਰ ਵਿਚ ਕੋਈ ਮਕਾਨ ਸਾਬਤ ਨਹੀਂ ਸੀ ਰਿਹਾ। ਕਚਹਿਰੀਆਂ, ਜਿਹਲਾਂ, ਹਸਪਤਾਲ ਸਭ ਢੇ ਢੇਰੀ ਹੋ ਗਏ ਸਨ।

ਪ੍ਰਭਾ ਦੀ ਆਤਮਾ ਚਿਤਰੰਜਨ ਵਿਚ ਸੀ। ਕਿਦ੍ਹੇ ਕੋਲੋਂ ਪਤਾ ਕਰੇ? ਕਹਿੰਦੇ ਸਨ, ਵਡੀ ਜਿਹਲ ਦੀਆਂ ਕੋਠੀਆਂ ਵਿਚ ਕੈਦੀ ਦੱਬੇ ਗਏ ਸਨ। ਜਿਹੜਾ ਕੋਈ ਬਚਿਆ ਹੈ ਉਹ ਨਠ ਗਿਆ ਹੈ। ਅਜ ਉਥੇ ਕੋਈ ਕੈਦੀ ਨਹੀਂ।

ਦੋ ਦਿਨਾਂ ਬਾਅਦ ਰਸਤੇ ਕੁਝ ਸਾਫ਼ ਹੋਏ। ਪ੍ਰਭਾ ਮੁਜ਼ੱਫਰਪੁਰ ਗਈ, ਉਸ ਸਾਰਾ ਦਰਦਨਾਕ ਦ੍ਰਿਸ਼ ਵੇਖਿਆ, ਪਰ ਉਹਦਾ ਦਿਲ ਜਿਹਲ ਦੇ ਖੰਡਰਾਂ ਵਿਚ ਸੀ। ਕਿਥੋਂ ਪੁੱਟੇ, ਕਿਥੋਂ ਵੇਖੇ, ਕੋਈ ਬੋਲਦਾ ਨਹੀਂ ਸੀ, ਕੋਈ ਦਸਦਾ ਨਹੀਂ ਸੀ।

ਕੁਝ ਚਿਰ ਮਗਰੋਂ ਕਈ ਲਾਸ਼ਾਂ ਕੱਢੀਆਂ ਗਈਆਂ। ਪ੍ਰਭਾ ਜਾ ਜਾ ਕੇ ਵੇਖਦੀ ਤੇ ਪ੍ਰਿਯ-ਮੁਖ ਨਾ ਵੇਖ ਕੇ ਖੁਸ਼ ਹੁੰਦੀ, ਕਿਉਂਕਿ ਆਸ ਦੀ ਪਤਲੀ ਤੰਦ ਤਣੀ ਰਹਿੰਦੀ।

ਕੁਝ ਚਿਰ ਮਗਰੋਂ ਲਿਸਟਾਂ ਬਣੀਆਂ। ਮੁਰਦਿਆਂ ਦੀ ਲਿਸਟ ਵਿਚ ਚਿਤਰੰਜਨ ਦਾ ਨਾਂ ਵੀ ਹੈ ਸੀ, ਪ੍ਰਭਾ ਨੇ ਜਿਹਲ ਦੇ ਖੰਡਰਾਂ ਚੋਂ ਨਿਕਲਣ ਵਾਲੀ ਇਕ ਇਕ ਲਾਸ਼ ਵੇਖੀ ਸੀ, ਸ਼ੈਦ ਮੂੰਹ ਵਿਗੜ ਗਏ ਸਨ, ਨਕਸ਼ ਚਿੱਥ ਘੱਤੇ ਸਨ, ਕਿ ਉਹ ਪਛਾਣ ਨਹੀਂ ਸਕੀ। ਪਰ ਜਿਹਲ ਦੇ ਅਫਸਰਾਂ ਨੇ ਕੈਦੀਆਂ ਦੇ ਗਲ ਪਏ ਪਿੱਤਲ ਦੇ ਨੰਬਰਾਂ ਤੋਂ ਲਿਸਟਾਂ ਬਣਾਈਆਂ ਸਨ।

ਪ੍ਰਭਾ ਤੇ ਬਚ ਗਈ, ਪਰ ਪ੍ਰਭਾ ਦੀਆਂ ਸਾਰੀਆਂ ਆਸਾਂ ਭੁਚਾਲ ਦੇ ਮਲਬੇ ਹੇਠਾਂ ਦੱਬੀਆਂ ਜਾਪਦੀਆਂ ਸਨ।

# ੪

ਛੁਟੀਆਂ ਮੁੱਕ ਗਈਆਂ। ਕਾਲਜ ਖੁਲ੍ਹ ਗਏ। ਪ੍ਰਭਾ ਨੇ ਕਾਲਜ ਮੁੜਨ ਦਾ ਖ਼ਿਆਲ ਛਡ ਦਿਤਾ। ਮਾਤਾ ਪਿਤਾ ਬੜੇ ਨਿਰਾਸ ਹੋਏ, ਪਰ ਪ੍ਰਭਾ ਸਮਝਦੀ ਸੀ, ਕਿ ਭਾਵੇਂ ਉਹਦੀ ਜੀਵਨ ਘੜੀ ਦਾ ਚੱਕਰ ਅਜੇ ਪਿਆ ਹਿਲਦਾ ਸੀ, ਉਹਦੇ ਅੰਦਰੋਂ ਟਿਕ-ਟਿਕ ਬੰਦ ਹੋ ਗਈ ਸੀ। ਇਮਤਿਹਾਨ ਰੁਚੀ ਬਿਨਾਂ ਪਾਸ ਨਹੀਂ ਕੀਤੇ ਜਾ ਸਕਦੇ, ਤੇ ਰੁਚੀਆਂ ਸਭ ਡੂੰਘੀਆਂ ਦੱਬ ਘੱਤੀਆਂ ਸਨ।

ਦਿਨ ਗੁਜ਼ਰੇ, ਮਹੀਨੇ ਵੀ ਤਿੰਨ ਚਾਰ ਲੰਘ ਗਏ। ਢੱਠੀਆਂ ਢੇਰੀਆਂ ਦੀ ਥਾਂ ਮੁੜ ਉਸਾਰੀ ਲਗ ਗਈ, ਨਵੇਂ ਕੰਮ, ਨਵੇਂ ਰੁਝੇਵੇਂ ਤੁਰ ਪਏ, ਕਈਆਂ ਜ਼ਖਮਾਂ ਉਤੇ ਅੰਗੂਰ ਆ ਗਿਆ, ਕਈਆਂ ਦੇ ਨਵੇਂ ਵਿਆਹ ਵੀ ਹੋ ਗਏ, ਕਈ ਸੀਨਿਆਂ ਵਿਚ ਲਗੀਆਂ ਅੱਗਾਂ ਹਿਸ ਗਈਆਂ।

ਪਰ ਪ੍ਰਭਾ ਦੀ ਹਿਕ ਵਿਚ ਕੋਈ ਅਬੁਝ ਚੰਗਿਆੜਾ ਧੱਸ ਗਿਆ ਸੀ। ਇਕ ਟਾਕੀ ਸੜ ਬੁਝਦੀ ਕਿ ਨਾਲ ਦੀ ਧੁਖਦੀ ਬਲ ਪੈਂਦੀ। ਮਾਤਾ ਪਿਤਾ ਨੂੰ ਇਹ ਪਤਾ ਤੇ ਲਗ ਗਿਆ ਕਿ ਉਹ ਚਿਤਰੰਜਨ ਦੀ ਮੌਤ ਦਾ ਗ਼ਮ

ਕਰਦੀ ਸੀ, ਪਰ ਇਹ ਉਨ੍ਹਾਂ ਦੇ ਖ਼ਿਆਲ ਵਿਚ ਵੀ ਨਹੀਂ ਸੀ ਆ ਸਕਦਾ, ਕਿ ਉਹ ਏਸ ਗ਼ਮ ਨੂੰ ਏਸ ਤਰ੍ਹਾਂ ਘੁਟ ਘੁੱਟ ਕੇ ਰਖੇਗੀ। ਚੰਗਾ ਮਿੱਤਰ, ਚਲੋ ਪਿਆਰਾ ਮਿੱਤਰ ਹੀ ਸਹੀ, ਮਰ ਗਿਆ, ਦੁਖ ਹੋਇਆ, ਹਫ਼ਤਾ, ਮਹੀਨਾ, ਦੋ ਮਹੀਨੇ – ਕੋਈ ਮਿੱਤਰਾਂ ਨਾਲ ਸਤੀ ਤੇ ਨਹੀਂ ਹੋ ਜਾਂਦਾ।

ਪਰ ਪ੍ਰਭਾ ਦਿਨੋ ਦਿਨ ਵਧੇਰੇ ਗ਼ਮਗੀਨ ਹੁੰਦੀ ਜਾਂਦੀ ਸੀ। ਡਾਕਟਰਾਂ ਤੇ ਮਿੱਤਰਾਂ ਦੀ ਸਲਾਹ ਲਈ। ਬਹੁਤਿਆਂ ਆਖਿਆ, ਪ੍ਰਭਾ ਦਾ ਵਿਆਹ ਹੋ ਜਾਣਾ ਚਾਹੀਦਾ ਹੈ। ਪਰ ਪ੍ਰਭਾ ਕੋਈ ਬੇ ਜ਼ਬਾਨ ਧੀ ਨਹੀਂ ਸੀ, ਕਿ ਉਹਦੀ ਮੰਗਣੀ ਕਰਨ ਲਈ ਕਿਸੇ ਦਾ ਹੀਆ ਪੈ ਜਾਂਦਾ। ਪਿਤਾ ਨੇ ਇਕ ਦੋ ਮੁੰਡਿਆਂ ਦਾ ਖ਼ਿਆਲ ਕੀਤਾ, ਪਤਨੀ ਨਾਲ ਸਲਾਹ ਕੀਤੀ। ਓੜਕ ਇਕ ਦਿਨ ਪ੍ਰਭਾ ਨਾਲ ਮਾਂ ਨੇ ਜ਼ਿਕਰ ਕੀਤਾ :

"ਪ੍ਰਭਾ, ਤੂੰ ਪੜ੍ਹਾਈ ਛਡ ਦਿੱਤੀ ਏ, ਤੂੰ ਕਿਤੇ ਬਾਹਰ ਅੰਦਰ ਵੀ ਨਹੀਂ ਜਾਂਦੀ – ਏਸੇ ਲਈ ਤੇਰਾ ਦਿਲ ਨਹੀਂ ਲਗਦਾ।" ਮਾਂ ਨੇ ਇਕ ਸੰਝ ਵੇਲੇ ਪ੍ਰਭਾ ਨੂੰ ਆਖਿਆ, ਜਦੋਂ ਉਹ ਭੁੰਜੇ ਹੀ ਘਾਹ ਉੱਤੇ ਬੈਠੀ ਫੁੱਲਾਂ ਦੀਆਂ ਝੂੰਲ-ਸਿੰਨੀਆਂ ਅੱਖਾਂ ਵਿਚ ਤਕ ਰਹੀ ਸੀ।

"ਮਾਂ ਜੀ ! ਮੇਰਾ ਦਿਲ ਇਨ੍ਹਾਂ ਫੁੱਲਾਂ ਨਾਲ ਲੱਗਾ ਹੋਇਆ ਹੈ – ਮੈਂ ਕੁਝ ਨਹੀਂ ਚਾਂਹਦੀ।" ਪ੍ਰਭਾ ਨੇ ਉੱਤਰ ਦਿੱਤਾ।

"ਪਰ ਤੇਰੇ ਬਾਬੂ ਜੀ ਤੇ ਬਹੁਤ ਕੁਝ ਚਾਹੁੰਦੇ ਹਨ – ਤੇ ਮੈਂ ਵੀ ਚਾਹੁੰਦੀ ਹਾਂ।" ਮਾਂ ਨੇ ਆਖਿਆ:–

"ਜੇ ਮੈਂ ਤੁਹਾਡੀ ਇੱਛਾ ਪੂਰੀ ਕਰਨ ਲਈ ਕੁਝ ਕਰ ਸਕਾਂ ਤਾਂ ਜ਼ਰੂਰ ਕਰਾਂਗੀ", ਪ੍ਰਭਾ ਨੇ ਬੇਦਿਲੀ ਨਾਲ ਆਹ ਭਰੀ।

"ਤੂੰ ਸਾਡੀ ਇਕੋ ਇਕ ਬੱਚੀ ਹੈਂ – ਸਾਡੀਆਂ ਖ਼ੁਸ਼ੀਆਂ ਤੇਰੀ ਰਾਹੀਂ ਹੀ ਆਉਣੀਆਂ ਨੇ – ਅਜੇ ਕਾਹਲ ਤੇ ਕੋਈ ਨਹੀਂ ਸੀ – ਪਰ ਹੁਣ ਜਦ ਤੂੰ ਪੜ੍ਹਨਾ ਛਡ ਦਿੱਤਾ ਹੈ, ਤੇ ਇਸ ਤਰ੍ਹਾਂ ਉਦਾਸ ਰਹਿਨੀਂ ਏਂ, ਤਾਂ ਤੇਰੇ ਬਾਬੂ ਜੀ ਚਾਹੁੰਦੇ ਹਨ ਤੇਰਾ ਵਿਆਹ ਕਰ ਦੇਈਏ।"

ਪ੍ਰਭਾ ਨੇ ਅੱਖਾਂ ਨੀਵੀਆਂ ਕਰ ਲਈਆਂ।

"ਤੂੰ ਕੋਈ ਸਾਡੇ ਵਰਗੀ ਪਿਛਲੇ ਜ਼ਮਾਨੇ ਦੀ ਕੁੜੀ ਤੇ ਨਹੀਂ ਕਿ ਆਪਣੇ ਵਿਆਹ ਦੀ ਗਲ ਨਹੀਂ ਕਰਨੀ – ਤੇਰੇ ਬਾਬੂ ਜੀ ਨੇ ਇਕ ਦੋ ਮੁੰਡੇ ਪਸੰਦ ਕੀਤੇ ਨੇ, ਪਰ ਉਹ ਤੇਰੀ ਮਰਜ਼ੀ ਬਿਨਾਂ ਤਾਂ ਕੁਝ ਕਰਨਾ ਨਹੀਂ ਚਾਹੁੰਦੇ।" ਮਾਂ ਨੇ ਪ੍ਰਭਾ ਦਾ ਮੋਢਾ ਹਲੂਣਿਆ।

ਪ੍ਰਭਾ ਨੇ ਉਤਾਂਹ ਤੱਕਿਆ। ਅੱਖਾਂ ਡੁਬ ਡੁਬਾਈਆਂ-ਹੋਈਆਂ ਸਨ।

"ਪਰ ਪ੍ਰਭਾ, ਇਹ ਕਿਉਂ ?" ਮਾਂ ਨੇ ਗਲ ਲਾ ਕੇ ਪੁਛਿਆ।

"ਕਿਉਂਕਿ ਇਹ ਹੋ ਨਹੀਂ ਸਕਦਾ।" ਪ੍ਰਭਾ ਨੇ ਉੱਤਰ ਦਿੱਤਾ।

"ਉਹ ਕਿਉਂ ? ਅਕਸਰ ਧੀਆਂ ਵਿਆਹ ਹੀ ਕਰਦੀਆਂ ਨੇ, ਜੇ ਸਾਡੀ ਚੋਣ ਠੀਕ ਨਹੀਂ, ਅਸੀ ਤੇਰੀ ਚੋਣ ਪ੍ਰਵਾਨ ਕਰਾਂਗੇ।"

"ਚੋਣ ਦੀ ਗਲ ਨਹੀਂ।"

"ਫੇਰ ਦੱਸ, ਹੋਰ ਹੈ ਕਿਹੜੀ ਗਲ ?" ਮਾਂ ਨੇ ਪੁੱਛਿਆ।

"ਇਹ, ਕਿ ਮੈਂ ਵਿਧਵਾ ਹਾਂ !" ਪ੍ਰਭਾ ਨੇ ਉਂਗਲੀ ਨਾਲ ਦੋਹਾਂ ਅੱਖਾਂ ਦੇ ਹੰਝੂ ਝਾੜ ਕੇ ਉੱਤਰ ਦਿੱਤਾ।

ਮਾਂ ਇਹ ਸੁਣ ਕੇ ਠਠੰਬਰ ਗਈ, ਪਰ ਆਖੀ ਨਾ ਜਾ ਸਕਣ ਵਾਲੀ ਗਲ ਮੂੰਹੋਂ ਕੱਢ ਕੇ ਪ੍ਰਭਾ ਸੁਖਾਲੀ ਹੋ ਗਈ, ਹੋਰ ਅੱਥਰੂ ਫੇਰ ਅੱਖਾਂ ਵਿਚ ਨਾ ਭਰੇ।

"ਮੈਨੂੰ ਕੁਝ ਸਮਝ ਨਹੀਂ ਆਈ – ਇਹ ਮੈਂ ਕੀ ਸੁਣਿਆ ਸੀ ?" ਮਾਂ ਨੇ ਪਹਿਲਾ ਧੱਕਾ ਸੰਭਾਲ ਕੇ ਪੁੱਛਿਆ।

"ਮੈਂ ਆਖਿਆ ਸੀ, ਕਿ ਮੇਰਾ ਵਿਆਹ ਨਹੀਂ ਹੋ ਸਕਦਾ, ਕਿਉਂਕਿ ਮੈਂ ਵਿਧਵਾ ਹਾਂ" ਪ੍ਰਭਾ ਨੇ ਬਿਨਾ ਡੋਲੇ ਉੱਤਰ ਦਿੱਤਾ।

"ਉਹ ਕੀਕਰ ? ਪਰਨਾਈ ਨਾ, ਡੋਲੇ ਪਾਈ ਨਾ – ਤੇ ਇਹ ਤੂੰ ਕੀ ਪਈ ਆਖਦੀ ਏਂ ?" ਮਾਂ ਦੀ ਹਰਾਨੀ ਦੀ ਕੋਈ ਹਦ ਨਾ ਰਹੀ।

"ਚਿਤਰੰਜਨ ਨਾਲ ਮੇਰਾ ਵਿਆਹ ਹੋ ਗਿਆ ਸੀ – ਚਿਤਰੰਜਨ ਮਰ ਗਿਆ ਹੈ, ਮੈਂ ਵਿਧਵਾ ਹਾਂ।"

"ਤੇਰਾ ਵਿਆਹ ਕਿਸ ਕੀਤਾ ਸੀ ?"

"ਮੈਂ ਆਪ ਕੀਤਾ ਸੀ।"

"ਉਹ ਕਦੋਂ ?"

"ਜਿਸ ਰਾਤ ਮੈਂ ਘਰੋਂ ਬਾਹਰ ਰਹੀ ਸਾਂ।"

"ਝੱਲੀ, ਕਦੇ ਵਿਆਹ ਵੀ ਇਸ ਤਰ੍ਹਾਂ ਹੁੰਦੇ ਨੇ – ਛਡ, ਕਮਲੀਆਂ ਗਲਾਂ, ਤੂੰ ਤੇ ਮੇਰੇ ਹੋਸ਼ ਹੀ ਭੁਲਾ ਦਿੱਤੇ ਸਨ।"

ਮਾਂ ਨੇ ਪ੍ਰਭਾ ਦੀਆਂ ਗਲਾਂ ਨੂੰ ਦੁਖੇ ਮਨ ਦੀ ਸੋਗੀ ਮਸਖ਼ਰੀ ਹ। ਸਮਝਿਆ।

"ਪਰ, ਮਾਂ ਜੀ, ਮੈਂ ਤੁਹਾਨੂੰ ਕਿਸੇ ਭੁਲੇਖੇ ਵਿਚ ਰਖਣਾ ਨਹੀਂ ਚਾਂਹਦੀ– ਮੇਰਾ ਯਕੀਨ ਸੀ ਕਿ ਬਿਨਾਂ ਪ੍ਰੋਹਤਾਂ ਦੇ ਵੀ ਵਿਆਹ ਹੋ ਸਕਦੇ ਨੇ, ਕਿਉਂਕਿ ਵਿਆਹ ਦੋ ਮਨਾਂ ਦਾ ਇਕਰਾਰ-ਨਾਮਾ ਹੈ। ਹੋਰ ਰਸਮਾਂ ਵਧਾਈਆਂ ਵੀ ਜਾ ਸਕਦੀਆਂ ਹਨ, ਤੇ ਘਟਾਈਆਂ ਵੀ, ਪਰ ਅਸਲੀ ਵਿਆਹ ਦੀ ਰਸਮ ਦੋਂਹ ਦਿਲਾਂ ਦਾ ਪੂਰਨ ਮਨੇਵਾ ਹੈ। ਕੋਈ ਪੰਡਤ ਮੇਰੇ ਵਿਆਹ ਨੂੰ ਏਦੂੰ ਪਕੇਰਾ ਨਹੀਂ ਸੀ ਪੜ੍ਹਾ ਸਕਦਾ।"

"ਫੇਰ ਉਹੋ ਕਮਲੀ ਗਲ ?" ਮਾਂ ਨੇ ਗਲ ਟੁਕ ਕੇ ਕਿਹਾ, "ਇਹ ਤੇ ਮੈਂ ਸਮਝ ਸਕਦੀ ਹਾਂ ਕਿ ਤੂੰ ਆਪਣੀ ਮੰਗਣੀ ਚਿਤਰੰਜਨ ਨਾਲ ਕਰ ਲਈ ਹੋਵੇ, ਪਰ ਇਹ ਕੀਕਰ ਸਮਝਾਂ ਕਿ ਵਿਆਹ ਬਿਨਾਂ ਹੀ ਕੋਈ ਵਿਧਵਾ ਹੋ ਸਕਦੀ ਹੈ – ਕੁੜਮਾਈਆਂ ਹੁੰਦੀਆਂ ਨੇ, ਮੰਗੇਤਰ ਮਰ ਜਾਂਦੇ ਨੇ, ਕੁੜੀਆਂ ਦੇ ਦੂਜੇ ਥਾਂ ਵਿਆਹ ਹੋ ਜਾਂਦੇ ਨੇ – ਪ੍ਰਭਾ, ਅੜੀਏ ਛਡ ਇਹ ਨਿਕਾਰੀਆਂ ਗਲਾਂ, ਤੇ ਆਪਣੇ ਮਾਂ ਪਿਓ ਨੂੰ ਖ਼ੁਸ਼ੀ ਕਰ ਲੈਣ ਦੇਹ।"

"ਪਰ ਮਾਂ ਜੀ, ਮੈਂ ਸਚ ਮੁਚ ਵਿਧਵਾ ਹਾਂ, ਮੇਰਾ ਵਿਆਹ ਕਿਸੇ ਹੋਰ ਨਾਲ ਨਹੀਂ ਹੋ ਸਕਦਾ – ਮੈਂ ਉਸ ਦਿਨ ਆਪਣੇ ਕਰਤੇ ਨੂੰ ਹਾਜ਼ਰ ਨਾਜ਼ਰ ਰਖ ਕੇ ਕੌਲ ਦਿੱਤਾ ਸੀ, ਕੋਈ ਜੇਵ ਉਹਦੇ ਨਾਲੋਂ ਚੰਗੇਰਾ ਸਾਖੀ ਨਹੀਂ ਹੋ ਸਕਦੀ, ਕਿਸੇ ਵੇਦੀ ਦੁਆਲੇ ਪਰਕਰਮਾਂ ਦੋ ਘੁੰਮ ਘੁੰਮ ਪੈਂਦੇ ਦਿਲਾਂ ਨਾਲੋਂ ਵਧੇਰੇ ਮੁਤਬੱਰਕ ਨਹੀਂ ਹੋ ਸਕਦੀ – ਮਾਂ ਜੀ – ਮੈਂ ਵਿਆਹੀ ਗਈ, ਮੈਂ ਵਿਧਵਾ ਹੋ ਗਈ, ਮੈਂ ਆਪਣੇ ਪਤੀ ਦੇ ਬੱਚੇ ਦੀ

ਮਾਂ ਵੀ ਹਾਂ", ਪ੍ਰਭਾ ਨੇ ਬਿਨਾਂ ਸੰਕੋਚ ਜਾਂ ਪਛਤਾਵੇ ਦੇ ਆਖਿਆ।

ਭਾਵੇਂ ਪ੍ਰਭਾ ਦੀ ਮਾਂ ਚੰਗੀ ਸਿਆਣੀ ਤੇ ਚੌੜੇ ਦਿਲ ਵਾਲੀ ਇਸਤ੍ਰੀ ਸੀ, ਪਰ ਉਹਨੂੰ ਪ੍ਰਭਾ ਦਾ ਇਹ ਅਨੋਖਾ ਵਿਆਹ ਸਮਝ ਨਹੀਂ ਸੀ ਆ ਸਕਿਆ – ਤੇ ਹੁਣ ਪਤੀ ਦੇ ਬੱਚੇ ਦੀ ਅਨਵਿਆਹੀ ਮਾਂ ਹੋਣ ਨੇ ਉਹਦੇ ਪੈਰਾਂ ਹੇਠੋਂ ਮਿੱਟੀ ਹਿਲਾ ਦਿੱਤੀ, ਮਾਨੋ ਉਸੇ ਭੁਚਾਲ ਦਾ ਝੂਟਾ ਫੇਰ ਆ ਰਿਹਾ ਸੀ।

"ਪ੍ਰਭਾ! ਇਹ ਸਾਰੀ ਕੀ ਗਲ ਏ – ਮੈਂ ਇਕ ਵਾਰੀ ਸੁਣਨਾ ਚਾਹੁੰਦੀ ਹਾਂ – ਮੈਨੂੰ ਸਮਝ ਭਾਵੇਂ ਕੁਝ ਨਹੀਂ ਆਇਆ, ਪਰ ਕੋਈ ਹਨੇਰ ਹੋ ਗਿਆ ਜ਼ਰੂਰ ਜਾਪਦਾ ਹੈ – ਮੈਨੂੰ ਛੇਤੀ ਦਸ – ਮੇਰਾ ਕਲੇਜਾ ਡਿਗੂੰ ਡਿਗੂੰ ਪਿਆ ਕਰਦਾ ਏ।" ਮਾਂ ਨੇ ਪ੍ਰਭਾ ਦੇ ਸਾਰੇ ਸਰੀਰ ਉਤੇ ਪੂਰੀ ਝਾਤੀ ਭਰ ਕੇ ਆਖਿਆ।

ਹਨੇਰਾ ਵੀ ਹੋ ਗਿਆ ਸੀ ਤੇ ਠੰਢ ਵੀ, ਤੇ ਨਾਲੇ ਹੁਣ ਮਾਮਲੇ ਦਾ ਅਤਿ ਕੋਮਲ ਭਾਗ ਅਪੜ ਪਿਆ ਸੀ, ਏਸ ਲਈ ਪ੍ਰਭਾ ਨੇ ਅੰਦਰ ਜਾ ਕੇ ਗਲ ਮੁਕਾਣ ਦੀ ਸਲਾਹ ਦਿੱਤੀ।

ਪ੍ਰਭਾ ਆਪਣੀ ਮਾਂ ਨੂੰ ਆਸਰਾ ਦੇ ਕੇ ਲਿਆਈ, ਉਹਦੇ ਅੰਦਰ ਬਿਨ-ਸਮਝੇ ਹੀ ਕੋਈ ਡਾਢੀ ਭਿਆਨਕ ਹੋਣੀ ਠਣਕ ਪਈ ਸੀ। ਅੰਦਰ ਆਉਂਦੀ ਹੀ ਉਹ ਸੋਫ਼ੇ ਉਤੇ ਢਹਿ ਪਈ। ਪ੍ਰਭਾ ਦਾ ਰੰਗ ਬਿਲਕੁਲ ਚਿੱਟਾ ਚਿਟੇਰ ਹੋ ਗਿਆ ਸੀ, ਪਰ ਘਬਰਾਹਟ ਦਾ ਨਿਸ਼ਾਨ ਕੋਈ ਨਹੀਂ ਸੀ। ਉਸ ਨੇ ਮਾਤਾ ਦੇ ਹਥ ਪੈਰ ਘੁੱਟੇ।

"ਹੁਣ ਦਸ! ਪ੍ਰਭਾ, ਤੈਨੂੰ ਕਿਹੜੀ ਅਨਹੋਣੀ ਵਰਤ ਗਈ ਏ?"

"ਕੋਈ ਅਨਹੋਣੀ ਨਹੀਂ ਵਰਤੀ" ਪ੍ਰਭਾ ਨੇ ਬੜੀ ਸ਼ਾਂਤੀ ਨਾਲ ਆਖਿਆ, "ਤੁਸੀ ਥੋੜੇ ਜਿੰਨੇ ਸਬਰ ਨਾਲ ਮੇਰੀ ਗਲ ਸੁਣ ਲਵੋ, ਜੋ ਕੁਝ ਮੈਂ ਕੀਤਾ ਏ, ਉਹਦੀ ਪੂਰੀ ਕੀਮਤ ਦੇਣ ਨੂੰ ਤਿਆਰ ਹਾਂ। ਘਬ-ਰਾਹਟ ਵਿਚ ਕਈ ਸੋਹਣੇ ਨਤੀਜੇ ਵੀ ਕਰੂਪ ਹੋ ਜਾਂਦੇ ਹਨ। ਜੇ ਤੁਸੀ ਮੈਨੂੰ ਪਿਆਰ ਨਾਲ ਨਹੀਂ ਸੁਣੋਗੇ ਤਾਂ ਕੌਣ ਸੁਣੇਗਾ।"

"ਸੁਣਾ, ਮੈਂ ਸੁਣਦੀ ਹਾਂ –" ਮਾਂ ਨੇ ਫੇਰ ਪ੍ਰਭਾ ਦੇ ਸਰੀਰ ਨੂੰ ਡੂੰਘੀ ਨਜ਼ਰ ਨਾਲ ਤਕ ਕੇ ਆਖਿਆ, "ਪਰ ਜਾਪਦਾ ਏ ਸਾਡੀ ਸਾਰਿਆਂ ਦੀ ਕਿਸਮਤ ਸੜ ਗਈ ਏ।"

"ਅਸਲ ਵਿਚ ਤੇ ਸੜਿਆ ਕੁਝ ਨਹੀਂ, ਕਿਉਂਕਿ ਦਰਗਾਹੋਂ ਕੋਈ ਆਫ਼ਤ ਨਹੀਂ ਆਈ, ਕੋਈ ਪਹਾੜ ਸਿਰ ਤੇ ਨਹੀਂ ਢੱਠਾ – ਰੰਡੇਪਾ ਅਨੋਖੀ ਘਟਣਾ ਨਹੀਂ, ਕਰੋੜਾਂ ਵਿਧਵਾਆਂ ਸਬਰ ਨਾਲ ਦਿਹਾੜੇ ਕਟ ਰਹੀਆਂ ਹਨ – ਮੈਂ ਵੀ ਕਟ ਸਕਦੀ ਹਾਂ – ਦਰਗਾਹੋਂ ਆਈਆਂ ਮੁਸੀਬਤਾਂ ਅਸਹਿ ਨਹੀਂ ਹੁੰਦੀਆਂ – ਪਰ ਆਪੀਂ ਪਾਈਆਂ, ਤਕੜੀਆਂ ਪਿੱਠਾਂ ਵੀ ਤੋੜ ਦੇਂਦੀਆਂ ਹਨ.........।"

"ਮੈਨੂੰ ਛੇਤੀ ਦਸ – ਮੇਰਾ ਸਬਰ ਟੁੱਟ ਰਿਹਾ ਹੈ।"

"ਸੁਣੋ, ਮੇਰੀ ਚੰਗੀ ਮਾਂ ਜੀ ! ਮੈਂ ਚਿਤਰੰਜਨ ਨੂੰ ਮਿਲੀ, ਜਿਸ ਤਰ੍ਹਾਂ ਮੈਂ ਦਸਿਆ ਸੀ – ਉਹਦੀ ਬੇ-ਬਸੀ ਵਿਚ ਕੋਈ ਅਜਿਹਾ ਤਰਲਾ ਸੀ, ਜਿਸ ਨੂੰ ਮੋੜਨਾ ਮੇਰੇ ਵਸ ਵਿਚ ਨਹੀਂ ਸੀ – ਉਹ ਚੰਗੀ ਆਤਮਾ ਇਸ ਦੁਨੀਆ ਵਿਚ ਕੁਝ ਦਿਨਾਂ ਦੀ ਮਹਿਮਾਨ ਸੀ, ਕੋਈ ਉਹਦਾ ਸਾਥੀ ਨਹੀਂ ਸੀ – ਜ਼ਿੰਦਗੀ ਦੀ ਅਖ਼ੀਰਲੀ ਪੜਾ ਉਤੇ ਮੈਂ ਉਹਨੂੰ ਦਿਸ ਪਈ, ਉਹ ਮੇਰੇ ਨਾਲ ਜੁੜ ਗਈ, ਜਿਵੇਂ ਔਖੇ ਪਰਦੇਸ ਵਿਚ ਕੋਈ ਅਚਾਨਕ ਦਿਸੇ ਹਮ-ਵਤਨ ਨੂੰ ਮਿਲਦਾ ਹੈ – ਸਾਹਮਣੇ ਮੌਤ ਸੀ, ਉਹ ਮੈਨੂੰ ਛਡਣਾ ਨਹੀਂ ਸੀ ਚਾਹੁੰਦਾ – ਮੈਂ ਵੀ ਤੋੜ ਕੇ ਨਿਖੜਨ ਦਾ ਜਿਗਰਾ ਨਾ ਕਰ ਸਕੀ – ਮੈਂ ਸਭ ਕੁਝ ਸਮਝਦੀ ਸਾਂ, ਖ਼ਤਰਾ ਪਛਾਣਦੀ ਸਾਂ – ਪਰ ਸਾਡੀ ਦੁਨੀਆ ਵਿਚੋਂ ਕੱਢੀ ਜਾਣ ਵਾਲੀ ਜਿੰਦੜੀ ਦੀਆਂ ਆਪਣੇ ਗਲ ਜੁੜੀਆਂ ਬਾਹਾਂ ਤੋੜ ਕੇ ਖੋਲ੍ਹ ਨਹੀਂ ਸਾਂ ਸਕਦੀ – ਉਹਦੇ ਨਾਲ ਜਾਣਾ ਮੰਨ ਲਿਆ.........."

ਬਾਰੀ ਵਿਚੋਂ ਠੰਢੀ ਹਵਾ ਆ ਰਹੀ ਸੀ। ਪ੍ਰਭਾ ਨੇ ਉਠ ਕੇ ਬੰਦ ਕਰ ਦਿੱਤੀ। ਮਾਂ ਸੁਣ ਰਹੀ ਸੀ, ਤਰਸ ਤੇ ਡਰ ਦੀ ਮੂਰਤ ਦਿਸ ਰਹੀ ਸੀ।

"ਮੈਂ ਚਲੀ ਗਈ, ਮੈਂ ਉਹਦੇ ਨਾਲ ਤੋੜ ਮੌਤ ਦੇ ਮੂੰਹ ਵਿਚ ਜਾਣ

ਲਈ ਤਿਆਰ ਹੋ ਗਈ। ਉਹਦੀਆਂ ਦੋ ਰਹਿੰਦੀਆਂ ਘੜੀਆਂ ਨੂੰ ਪਿਆਰ ਨਾਲ ਭਰ ਦਿੱਤਾ – ਮੈਂ ਆਪਣੇ ਪਰਮਾਤਮਾ ਨੂੰ ਸਾਖੀ ਬਣਾ ਕੇ ਉਹਨੂੰ ਆਪਣਾ ਪਤੀ ਚੁਣ ਲਿਆ – ਮੈਂ ਆਪਣਾ ਆਪ ਉਹਨੂੰ ਦੇ ਦਿੱਤਾ – ਉਹ ਮਰ ਗਿਆ ਹੈ, ਮੈਂ ਤੁਹਾਨੂੰ ਕਦੇ ਏਸ ਚਿੰਤਾ ਵਿਚ ਨਹੀਂ ਸੀ ਪਾਣਾ, ਪਰ ਮੇਰੇ ਕੋਲ ਉਹਦੀ ਇਕ ਅਮਾਨਤ ਹੈ......"

"ਉਹ ਕੀ ?" ਮਾਂ ਫੇਰ ਪ੍ਰਭਾ ਦੇ ਸਰੀਰ ਨੂੰ ਘੋਖ ਰਹੀ ਸੀ।

"ਮੇਰੇ ਗਰਭ ਵਿਚ ਉਹਦਾ ਬੱਚਾ ਹੈ।" ਪ੍ਰਭਾ ਦੀ ਆਵਾਜ਼ ਵਿਚ ਕੋਈ ਪ੍ਰਾਸਚਿਤ ਨਹੀਂ ਸੀ।

ਪਰ ਮਾਂ ਦਾ ਰੰਗ ਇਕ ਦਮ ਉਡ ਗਿਆ। ਦੂਜੀ ਘੜੀ ਉਹਨੂੰ ਗ਼ਸ਼ ਆ ਗਈ। ਪ੍ਰਭਾ ਨੇ ਹਥ ਪੈਰ ਝੱਸੇ, ਉਸੇ ਵੇਲੇ ਰਾਓ ਸਾਹਿਬ ਦੀ ਗੱਡੀ ਦਾ ਹਾਰਨ ਵਜਿਆ। ਰਾਓ ਸਾਹਿਬ ਅੰਦਰ ਆ ਕੇ ਪ੍ਰਭਾ ਨੂੰ ਪੁਛਣ ਲੱਗੇ :

"ਕਿਉਂ ਕੀ ਗਲ ਹੋ ਗਈ ? ਕੁਝ ਦਿਨਾਂ ਤੋਂ ਜਾਪ ਰਿਹਾ ਸੀ ਕਿ ਇਹਨੂੰ ਫੇਰ ਫ਼ਿੱਟ ਆਉਣ ਵਾਲਾ ਹੈ।"

"ਮੇਰੇ ਨਾਲ ਗਲਾਂ ਪਏ ਕਰਦੇ ਸਨ......"

"ਕੀ ਗਲਾਂ ?"

"ਸਵੇਰੇ ਆਪ ਹੀ ਮਾਂ ਜੀ ਤੁਹਾਨੂੰ ਦਸਣਗੇ – ਹੁਣ ਮੈਂ ਇਨ੍ਹਾਂ ਨੂੰ ਹੋਸ਼ ਵਿਚ ਲਿਆਉਣ ਦਾ ਜਤਨ ਕਰਦੀ ਹਾਂ।" ਤੇ ਪ੍ਰਭਾ ਸੁੰਘਣ ਵਾਲੀ ਸ਼ੀਸ਼ੀ ਲੈਣ ਚਲੀ ਗਈ।

## ੫

ਮਾਂ ਨੇ ਸਾਰਾ ਹਾਲ ਰਾਓ ਸਾਹਿਬ ਨੂੰ ਦਸਿਆ। ਉਨ੍ਹਾਂ ਨੂੰ ਵੀ ਸਿਰੋਂ ਸਟ ਪੈ ਗਈ। ਗੁੱਸੇ ਵਿਚ ਉਨ੍ਹਾਂ ਪਤਨੀ ਨੂੰ ਆਖਿਆ, ਕਿ ਉਨ੍ਹਾਂ ਦਾ ਜੀ ਕਰਦਾ ਸੀ, ਪ੍ਰਭਾ ਨੂੰ ਦਰਿਆ ਵਿਚ ਡੋਬ ਦਿੱਤਾ ਜਾਏ। ਦੋਵੇਂ ਪਤੀ ਪਤਨੀ ਮਰਦੇ ਜਾ ਰਹੇ ਸਨ, ਅੱਖਾਂ ਖੂਹੇ ਲਹਿ ਗਈਆਂ, ਰੰਗ ਪੀਲੇ ਹੋ ਗਏ। ਪਰ ਪ੍ਰਭਾ ਦੀ ਇਹ ਗਲ ਕਿਸੇ ਦੇ ਮਨ ਨਾ ਲਗੀ, ਕਿ ਕਿਹੜਾ ਦਰਗਾਹੋਂ ਪਹਾੜ ਢਹਿ ਪਿਆ ਸੀ, ਜਿਹੜਾ ਠਲ੍ਹਿਆ ਨਹੀਂ ਸੀ ਜਾਂਦਾ। ਕਿਸੇ ਦੀ ਚੋਰੀ ਨਹੀਂ ਕੀਤੀ, ਕਿਸੇ ਨੂੰ ਮਾਰਿਆ ਨਹੀਂ, ਗਾਲ੍ਹ ਨਹੀਂ ਕਢੀ, ਕੋਈ ਡੂੰਗਾ ਨਹੀਂ ਸੜ ਗਿਆ। ਮਾੜਾ ਕੀਤਾ ਆਪਣੇ ਲਈ, ਚੰਗਾ ਕੀਤਾ ਆਪਣੇ ਲਈ। ਆਤਮਾ ਨਰੋਈ ਹੈ, ਸਰੀਰ ਅਰੋਗ ਹੈ, ਮਾੜੀਆਂ ਵਾਸ਼ਨਾਆਂ ਚਿਤ ਵਿਚੋਂ ਲੰਘੀਆਂ ਤਕ ਨਹੀਂ, ਕੁਰਬਾਨ ਹੋ ਸਕਣ, ਕਿਸੇ ਦਿਲ ਦੀ ਆਸ ਬੰਨ੍ਹਣ ਦਾ ਸਦਕਾ ਜ਼ਿੰਦਗੀ ਦਾ ਸਾਰਾ ਸੌਦਾ ਵਾਰ ਸੁਟਣ ਦਾ ਜਿਗਰਾ ਹੈ, ਜ਼ਿੰਦਗੀ ਭਰ ਦੇ ਜ਼ਬਤ ਦਾ ਭਰੋਸਾ ਹੈ। ਅੱਖਾਂ ਪਵਿੱਤਰ ਹਨ, ਮੈਲ ਕਿਤੇ ਨਾਮ ਨੂੰ ਨਹੀਂ ਆਈ, ਭਾਣੇ ਵਿਚ

ਸ਼ਰਧਾ ਹੈ, ਗਿਲਾ ਕੋਈ ਨਹੀਂ, ਕ੍ਰਿਤਘਣ ਕੋਈ ਨਹੀਂ, ਮਾਤਾ ਪਿਤਾ ਤੇ ਬਚੜੀ ਇਕ ਦੂਜੇ ਦੀ ਕਿਸਮਤ ਉੱਤੇ ਤਰਸ ਕਰ ਕੇ ਜਫੀਆਂ ਪਾ ਸਕਦੇ ਹਨ, ਦਰਦ ਵੰਡਾ ਸਕਦੇ ਹਨ, ਪਿਆਰ ਦੇ ਸਕਦੇ ਹਨ, ਲੈ ਸਕਦੇ ਹਨ ! ਕਿਸੇ ਦੇ ਟੁੱਟੇ ਦਿਲ ਦੇ ਖਿੱਲਰੇ ਟੋਟਿਆਂ ਨੂੰ ਹਮਦਰਦੀ ਨਾਲ ਸਾਂਭ ਕੇ ਉਹਦੀ ਆਤਮਾ ਨੂੰ ਆਪਣਾ ਬਣਾ ਸਕਦੇ ਹਨ।

ਚਿਤਰੰਜਨ ਉਨ੍ਹਾਂ ਮੁੰਡਿਆਂ ਵਿਚੋਂ ਮੁੰਡਾ ਸੀ, ਜਿਨ੍ਹਾਂ ਦੀ ਛੁਹ ਮੈਲਿਆਂ ਦੀਆਂ ਮੈਲਾਂ ਧੋ ਦੇਂਦੀ ਸੀ, ਜਿਦ੍ਹੀ ਹਾਜ਼ਰੀ ਵਿਚ ਕਿਸੇ ਮੁੰਡੇ ਦੇ ਮੂੰਹੋਂ ਮੈਲਾ ਸ਼ਬਦ ਨਹੀਂ ਸੀ ਨਿਕਲ ਸਕਦਾ, ਮੈਲੀ ਅੱਖ ਉੱਚੀ ਨਹੀਂ ਸੀ ਹੋ ਸਕਦੀ। ਜੇ ਉਸ ਮੁੰਡੇ ਨਾਲ ਪ੍ਰਭਾ ਦਾ ਵਿਆਹ ਨੀਯਤ ਹੋ ਜਾਂਦਾ, ਤਾਂ ਪ੍ਰਭਾ ਦੇ ਮਾਪੇ ਫੁੱਲੇ ਨਾ ਸਮਾਂਦੇ। ਤੇ ਜੇ ਵਿਆਹ ਦੇ ਦੋ ਦਿਨ ਬਾਅਦ ਉਹ ਬੇ-ਕਸੂਰਾ ਏਸ ਤਰ੍ਹਾਂ ਦੇ ਮੁਕਦਮੇ ਵਿਚ ਫਸ ਜਾਂਦਾ ਤਾਂ ਪ੍ਰਭਾ ਦੇ ਪਿਤਾ ਉਹਦੀ ਜਾਨ ਤੋੜ ਕੇ ਮਦਦ ਕਰਦੇ, ਤੇ ਜੇ ਉਹ ਫੇਰ ਵੀ ਮਰ ਜਾਂਦਾ, ਤਾਂ ਪ੍ਰਭਾ ਨੂੰ ਗਲ ਨਾਲ ਲਾਂਦੇ ਤੇ ਸੌ ਆਸਰੇ ਦੇਂਦੇ ਤੇ ਉਹਦੇ ਗਰਭ ਵਿਚਲੇ ਬੱਚੇ ਦੀ ਪੈਦਾਇਸ਼ ਨੂੰ ਸੁਖਨਾਂ ਨਾਲ ਉਡੀਕਦੇ।

ਹੁਣ ਕੁਝ ਵਖਰਾ ਨਹੀਂ ਹੋਇਆ। ਸਿਰਫ਼ ਇਕ ਰਸਮ ਅਪੂਰਨ ਰਹਿ ਗਈ ਹੈ। ਪ੍ਰਭਾ ਦਾ ਪ੍ਰਮਾਤਮਾ ਦਾ ਸਿਮਰਨ ਕਰ ਕੇ ਵਿਆਹ-ਬਰਤ ਧਾਰਨਾ ਮੁਤਬੱਰਕ ਰਸਮ ਨਹੀਂ ਸਮਝੀ ਗਈ। ਸਿਰਫ਼ ਇਕ ਅਨਪੜ੍ਹ, ਅਨਜਾਣ, ਤੇ ਪੈਸੇ ਮੰਗਣ ਵਾਲੇ ਪੰਡਤ ਦੇ ਅਸ਼ੁਧ ਮੰਤਰ ਨਹੀਂ ਪੜ੍ਹੇ ਗਏ, ਜਿਸ ਕਰ ਕੇ ਪ੍ਰਭਾ ਵਰਗਾ ਲਾਸਾਨੀ ਚਲਨ ਅਜ ਬਦਚਲਨ ਪਿਆ ਜਾਪਦਾ ਹੈ, ਤੇ ਜਿਸ ਬੱਚੀ ਨੂੰ ਗਲ ਨਾਲ ਲਾ ਕੇ ਉਹਦੇ ਟੁੱਟੇ ਦਿਲ ਨੂੰ ਜੋੜਨਾ ਸੀ, ਉਹਨੂੰ ਅਜ ਦਰਿਆ ਵਿਚ ਡੋਬਣ ਦੀ ਖ਼ਾਹਿਸ਼ ਹੈ।

ਰਾਓ ਸਾਹਿਬ ਦਾ ਕ੍ਰੋਧ ਦੋ ਚਾਰ ਦਿਨਾਂ ਵਿਚ ਕੁਝ ਹੌਲਾ ਹੋਇਆ। ਉਹ ਏਨੇ ਦਿਨ ਪ੍ਰਭਾ ਦੇ ਮੱਥੇ ਨਾ ਲੱਗੇ, ਪ੍ਰਭਾ ਵੀ ਬਹੁਤਾ ਕਿਸੇ ਦੇ ਸਾਹ-ਮਣੇ ਨਹੀਂ ਸੀ ਹੁੰਦੀ।

ਓੜਕ ਰਾਓ ਸਾਹਿਬ ਨੇ ਸੋਚਿਆ, ਕਿ ਪਤਾ ਗਲ ਦਾ ਕਿਸੇ ਨੂੰ ਨਹੀਂ,

ਕਿਉਂਕਿ ਪ੍ਰਭਾ ਪਿਛਲੇ ਤਿੰਨ ਮਹੀਨੇ ਤੋਂ ਕਿਸੇ ਨੂੰ ਮਿਲੀ ਨਹੀਂ, ਇਸ ਲਈ ਉਹ ਸਾਰੇ ਏਸ ਬਰਸਾਤ ਵਿਚ ਬੰਬਈ ਸੈਰ ਲਈ ਚਲੇ ਜਾਣਗੇ। ਉਥੇ ਕਈ ਡਾਕਟਰ ਹਨ। ਜਿਹੜੇ ਬੜੀਆਂ ਮੁਸ਼ਕਲਾਂ ਸੁਖਾਲੀਆਂ ਕਰ ਦੇਂਦੇ ਹਨ।

ਪਰ ਜਦੋਂ ਪ੍ਰਭਾ ਦੀ ਮਾਤਾ ਨੇ ਰਾਓ ਸਹਿਬ ਦੀ ਸਲਾਹ ਪ੍ਰਭਾ ਨੂੰ ਦੱਸੀ ਤਾਂ ਉਸ ਨੇ ਬੜੀ ਨਿਡਰਤਾ ਨਾਲ ਉੱਤਰ ਦਿੱਤਾ:—

"ਮੈਂ ਪ੍ਰਮਾਤਮਾ ਨੂੰ ਪ੍ਰਤੱਖ ਜਾਣ ਕੇ ਵਿਆਹ ਦਾ ਬਰਤ ਲਿਆ ਸੀ — ਇਹ ਮਸੂਮ ਜਿੰਦ ਮੇਰੇ ਮੋਏ ਪਤੀ ਦੀ ਅਮਾਨਤ ਹੈ — ਮੈਨੂੰ ਕੋਈ ਨਮੋਸ਼ੀ ਨਹੀਂ — ਜੇ ਜੀਵਾਂਗੀ ਤਾਂ ਇਹ ਵੀ ਜੀਵੇਗਾ, ਨਹੀਂ ਤੇ ਦੋਵੇਂ ਇਕੱਠੇ ਮਰਾਂਗੇ।"

"ਪਰ ਪ੍ਰਭਾ ! ਅਸੀ ਕੀਕਰ ਮੂੰਹ ਦਿਆਂਗੇ — ਅਸੀ ਕੀਕਰ ਜਿਉਂਦੇ ਨਾ ਮਰ ਜਾਵਾਂਗੇ ?" ਮਾਂ ਨੇ ਆਖਿਆ।

"ਕੀ ਤੁਸੀ ਮੇਰੀ ਸਚਿਆਈ ਦਾ ਵਿਸ਼ਵਾਸ ਨਹੀਂ ਕਰ ਸਕਦੇ ? ਕੀ ਤੁਸੀ ਇਹ ਮੰਨ ਨਹੀਂ ਸਕਦੇ ਕਿ ਮੈਂ ਕੁਝ ਵੀ ਵਾਸ਼ਨਾਆਂ ਦੇ ਅਧੀਨ ਹੋ ਕੇ ਨਹੀਂ ਕੀਤਾ — ਜੇ ਕੀਤਾ ਹੈ ਸਿਰਫ਼ ਕੁਰਬਾਨ ਹੋਣ ਦੀ ਗ਼ਰਜ਼ ਨਾਲ ਕੀਤਾ ਹੈ ? — ਮਾਂ ਜੀ, ਮੇਰਾ ਮਨ ਬਿਲਕੁਲ ਪਵਿੱਤਰ ਹੈ।" ਪ੍ਰਭਾ ਨੇ ਮਾਂ ਦਾ ਦਿਲ ਮਜ਼ਬੂਤ ਕਰਨਾ ਚਾਹਿਆ।

"ਤੂੰ ਤੇ ਪਵਿੱਤਰ ਹੈਂ, ਮੈਂ ਮੰਨ ਲਿਆ ਹੈ — ਤੇਰੀ ਕਹਾਣੀ ਦਾ ਇਕ ਇਕ ਵਾਕ ਮੇਰੇ ਮਨ ਖੁੱਭ ਰਿਹਾ ਹੈ, ਪਰ ਦੁਨੀਆ ਤੇ ਕਦੇ ਨਹੀਂ ਮੰਨ ਸਕੇਗੀ।"

"ਚਲੋ ਦੁਨੀਆ ਨਾਲ ਨਾ ਰਹਾਂਗੇ — ਅਸੀ ਤਿੰਨੇ ਆਪਣੀ ਇਕ ਦੁਨੀਆ ਬਣਾ ਲਵਾਂਗੇ — ਚੌਥੇ ਨੂੰ ਉਡੀਕਾਂਗੇ — ਮੇਰੀ ਆਤਮਾ ਕ੍ਰਿਤਗਯ ਰਹੇਗੀ, ਕਿ ਤੁਸਾਂ ਮੇਰੇ ਕਸ਼ਟ ਵਿਚ ਸਾਥ ਦਿੱਤਾ ਹੈ — ਮੈਂ ਸਾਰਾ ਜੀਵਨ ਤੁਹਾਡੀ ਖ਼ੁਸ਼ੀ ਲਈ ਅਰਪਨ ਕਰ ਦਿਆਂਗੀ — ਦਿਨ ਫਿਰ ਪੈਣਗੇ, ਦੁਨੀਆ ਵਟ ਜਾਇਗੀ.................।"

ਪ੍ਰਭਾ ਦੀ ਮਾਂ ਏਸ ਤਰਲੇ ਨਾਲ ਪਸੀਜ ਰਹੀ ਸੀ, ਉਹਦਾ ਇਸਤ੍ਰੀ-ਮਨ ਆਪਣੀ ਬੱਚੀ ਦੀ ਬੇਕਸੂਰੀ ਦਾ ਵਿਸ਼ਵਾਸੀ ਹੀ ਨਹੀਂ, ਸਗੋਂ ਉਹਦੇ ਦਿਲ ਦੀ ਵਡਿੱਤਣ ਦੀ ਪ੍ਰਸੰਸਾ ਕਰ ਰਿਹਾ ਸੀ। ਉਹ ਆਪਣੀ ਬੱਚੀ ਦੀ ਬੇਹੱਕੀ ਨਮੋਸ਼ੀ ਦੀ ਸਾਂਝੀਵਾਲ ਬਣਨ ਨੂੰ ਤਿਆਰ ਜਾਪਦੀ ਸੀ, ਜਿਸ ਵੇਲੇ ਬੂਹਾ ਖੁਲ੍ਹਿਆ ਤੇ ਰਾਓ ਸਾਹਿਬ ਬੜੇ ਰੁਹ ਵਿਚ ਕੜਕਦੇ ਅੰਦਰ ਆ ਗਏ।

"ਮੈਂ ਸਭ ਕੁਝ ਸੁਣ ਲਿਆ ਹੈ – ਸ਼ਰਮ ਨਾਲ ਪਾਣੀ ਹੁੰਦਾ ਜਾ ਰਿਹਾ ਹਾਂ – ਪ੍ਰਭਾ – ਮੈਂ ਇਹ ਨਮੋਸ਼ੀ ਹਰਗਿਜ਼ ਨਹੀਂ ਸਹਾਰ ਸਕਾਂਗਾ।"

"ਤੇ ਪਿਤਾ ਜੀ, ਆਪ ਤਸੱਲੀ ਰਖੋ, ਤੁਹਾਡੀ ਆਬਰੂ ਉੱਤੇ ਜ਼ਰਾ ਦਾਗ਼ ਨਹੀਂ ਆਵੇਗਾ – ਇਹਦਾ ਪ੍ਰਬੰਧ ਮੈਂ ਕਰਾਂਗੀ।"

"ਤੂੰ ਸੁਆਹ ਕਰੇਂਗੀ, ਜੋ ਕਰਨਾ ਸਾਈ ਸੋ ਕਰ ਲਿਆ ਈ।"

"ਇਹ ਤੁਸੀ ਆਪ ਵੇਖ ਲਵੋਗੇ।"

ਉਪਰਲੀ ਗੱਲ ਨੂੰ ਅਜੇ ਹਫਤਾ ਈ ਹੋਇਆ ਹੋਵੇਗਾ, ਕਿ ਪ੍ਰਭਾ ਇਕ ਸ਼ਾਮ ਵੇਲੇ ਡਰਾਈਵਰ ਨੂੰ ਨਾਲ ਲੈ ਕੇ ਦਰਿਆ ਉੱਤੇ ਫਿਰਨ ਗਈ। ਚਿਤਰੰਜਨ ਦੇ ਹਾਦਸੇ ਤੋਂ ਪਹਿਲਾਂ ਵੀ ਉਹ ਦਰਿਆ ਉੱਤੇ ਜਾਇਆ ਕਰਦੀ ਸੀ ਤੇ ਮੋਟਰ ਇਕ ਥਾਂ ਖਲ੍ਹਾਰ ਕੇ ਕੰਢੇ ਉੱਤੇ ਫਿਰਿਆ ਕਰਦੀ ਸੀ।

ਹਨੇਰਾ ਡੂੰਘਾ ਹੋ ਗਿਆ, ਮਾਂ ਫ਼ਿਕਰ ਹੀ ਪਈ ਕਰਦੀ ਸੀ ਕਿ ਮੋਟਰ ਆ ਕੋਠੀ ਵਿਚ ਵੜੀ। ਡਰਾਈਵਰ ਘਾਬਰਿਆ ਹੋਇਆ ਵਿਚੋਂ ਨਿਕ-ਲਿਆ। ਮਾਂ ਸਹਿਮੀ ਹੋਈ ਅਗਾਂਹ ਹੋਈ।

"ਬੀਬੀ ਜੀ ਅਜ ਮੁੜੇ ਨਹੀਂ – ਮੈਂ ਉਡੀਕ ਉਡੀਕ ਥੱਕ ਗਿਆ, ਫੇਰ ਉਸ ਪਾਸੇ ਗਿਆ, ਜਿਧਰ ਉਹ ਗਏ ਸਨ, ਪਰ ਦੂਰ ਤਕ ਕੋਈ ਨਹੀਂ ਮਿਲਿਆ – ਕਿਸੇ ਕੋਲੋਂ ਪੁਛਿਆ – ਆਂਹਦੇ ਸਨ, ਕਿ ਉਹਨਾਂ ਪਾਣੀ ਦਾ ਬੁਕ ਭਰਿਆ ਸੀ – ਪਰ ਮਾਂ ਜੀ, ਉਥੇ ਇਕ ਸੰਸਾਰ ਵੀ ਪੈਂਦਾ ਸੁਣੀਦਾ ਹੈ – ਹਾਇ ਮੇਰੇ ਬੀਬੀ ਜੀ – ਦਿਲਾਂ ਦੀਆਂ ਟੋਹਾਂ ਰਖਣ ਵਾਲੇ ਬੀਬੀ ਜੀ –" ਤੇ ਉਹ ਰੋਣ ਲਗ ਪਿਆ।

ਮਾਂ ਦੇ ਕਲੇਜੇ ਹੌਲ ਪਿਆ। ਉਹਨੂੰ ਉਸ ਦਿਨ ਵਾਲੀ ਗੱਲ ਯਾਦ ਆ ਗਈ। ਰਾਓ ਸਾਹਿਬ ਨੂੰ ਖ਼ਬਰ ਦਿੱਤੀ, ਉਹ ਤਲੀਆਂ ਮਲਦੇ ਆ ਗਏ। ਰਾਓ ਸਾਹਿਬ ਨੇ ਡਰਾਈਵਰ ਨੂੰ ਤਿਆਰੀ ਦਾ ਹੁਕਮ ਦਿੱਤਾ। ਆਪੀਂ ਦੋਵੇਂ ਮਾਂ ਪਿਓ ਗੱਡੀ ਵਿਚ ਬਹਿਣ ਲਗੇ। ਸੀਟ ਉੱਤੇ ਇਕ ਲਫ਼ਾਫ਼ਾ ਪਿਆ ਵੇਖਿਆ। ਖੋਹਲਿਆ, ਪ੍ਰਭਾ ਦਾ ਖ਼ਤ ਸੀ। ਉਤਰ ਆਏ, ਕਮਰੇ ਵਿਚ ਜਾ ਕੇ ਪੜ੍ਹਿਆ। ਕਾਗਜ਼ ਹਥੋਂ ਡਿਗ ਪਿਆ, ਮਾਂ ਦੀ ਐਨਕ ਕੋਲ ਨਹੀਂ ਸੀ, ਉਹਨੇ ਸੁਣਾਨ ਲਈ ਜ਼ੋਰ ਦਿੱਤਾ, ਰਾਓ ਸਾਹਿਬ ਨੇ ਪੜ੍ਹਿਆ :

> "ਪਿਤਾ ਜੀ, ਜਿਉਂਦੀ ਹਾਂ ਜਾਂ ਮਰ ਗਈ, ਆਪ ਹੁਣ ਮੈਨੂੰ ਨਹੀਂ ਵੇਖੋਗੇ – ਮੈਨੂੰ ਕੋਈ ਗਿਲਾ ਨਹੀਂ – ਮੇਰੇ ਮਾਤਾ ਪਿਤਾ ਕਿਸੇ ਨਾਲੋਂ ਮਾੜੇ ਨਹੀਂ, ਮੈਂ ਕ੍ਰਿਤਗਯ ਹਾਂ – ਸ਼ੋਕ ਨਾਲ ਭਰ-ਪੂਰ ਹਾਂ, ਕਿ ਤੁਹਾਡੇ ਦੁਖ ਦਾ ਕਾਰਨ ਬਣੀ ਹਾਂ – ਮੈਂ ਦਰਿਆ ਉੱਤੇ ਵੇਖੀ ਗਈ ਹਾਂ – ਏਥੇ ਜਾਵਨਰਾਂ ਦਾ ਖ਼ਤਰਾ ਆਮ ਹੈ – ਮੇਰੀ ਢੂੰਡ ਕਰ ਵੇਖਣੀ, ਲਾਸ਼ ਲੱਭਣ ਲਈ ਵੀ ਅਗਲੇ ਬੇੜੀਆਂ ਦੇ ਪੁਲ ਉੱਤੇ ਤਾਰਾਂ ਦੇ ਦੇਣੀਆਂ – ਮੇਰੀ ਮੌਤ ਤੇ ਖ਼ਾਨਦਾਨ ਦੀ ਇੱਜ਼ਤ ਦੋਵੇਂ ਯਕੀਨੀ ਹੋ ਜਾਣਗੀਆਂ – ਮੇਰਾ ਪਿਆਰ – ਮੇਰੇ ਦਿਲ ਵਿਚ ਕੋਈ ਕ੍ਰਿੱਤਘਣ ਨਹੀਂ, ਤੁਸੀ ਬੜੇ ਚੰਗੇ ਹੋ, ਪਰ ਰਸਮਾਂ ਦਾ ਜਾਦੂ ਬੜਾ ਬਲਵਾਨ ਹੈ – ਅਜੇ ਕਈ ਸਦੀਆਂ ਹੋਰ ਬਾਅਦ ਮਨੁੱਖ ਨੂੰ ਗਿਆਨ ਹੋਵੇਗਾ ਕਿ ਰਸਮਾਂ ਜ਼ਿੰਦਗੀ ਨੂੰ ਵਧਾਣ ਲਈ ਹਨ, ਜ਼ਿੰਦਗੀ ਨੂੰ ਤੋੜਨ ਲਈ ਨਹੀਂ।"
>
> ਆਪ ਦੀ ਪ੍ਰਭਾ

ਰਾਓ ਸਾਹਿਬ ਦਰਿਆ ਉਤੇ ਗਏ। ਸਭ ਪਾਸੀਂ ਆਦਮੀ ਦੁੜਾਏ। ਜੰਗਲ ਬੀੜਾਂ ਛਾਣ ਮਾਰੀਆਂ। ਲਾਸ਼ ਲਈ ਪਹਿਰੇ ਲਾਏ। ਪਰ ਕਿਤੇ ਉਘ ਸੁਘ ਨਾ ਮਿਲੀ। ਉਹਦੀ ਸਾੜ੍ਹੀ ਦਰਿਆ ਦੇ ਘਾ ਵਿਚ ਅਟਕੀ

ਹੋਈ ਲੱਭੀ। ਪ੍ਰਭਾ ਨੂੰ ਸੰਸਾਰ ਖਾ ਗਿਆ। ਇਹ ਗਲ ਸਾਰੇ ਸ਼ਹਿਰ ਵਿਚ ਆਮ ਹੋ ਗਈ, ਅਖ਼ਬਾਰਾਂ ਵਿਚ ਨਿਕਲ ਗਈ। ਸਾਕ ਸੰਬੰਧੀ ਮਾਤਮ ਲਈ ਆ ਗਏ।

ਨਮੋਸ਼ੀ ਦਾ ਖ਼ਤਰਾ ਮੁੱਕ ਗਿਆ, ਪਰ ਨਾਲ ਹੀ ਜ਼ਿੰਦਗੀ ਦਾ ਸਹਾਰਾ ਵੀ ਉਡ ਗਿਆ।

# ੬

ਜਦੋਂ ਰਾਓ ਸਾਹਿਬ ਤੇ ਉਨ੍ਹਾਂ ਦੇ ਆਦਮੀ ਦਰਿਆ ਦੇ ਕੰਢੇ ਢੂੰਡ ਰਹੇ ਤੇ ਜੰਗਲ ਛਾਣ ਰਹੇ ਸਨ, ਉਸ ਵੇਲੇ ਪ੍ਰਭਾ ਤੁਰਦੀ ਤੁਰਦੀ ਚਾਰ ਮੀਲ ਅਗਲੇ ਰੇਲਵੇ ਸਟੇਸ਼ਨ ਉਤੇ ਪਹੁੰਚ ਗਈ ਤੇ ਦਿੱਲੀ ਦਾ ਟਿਕਟ ਖ਼ਰੀਦ ਰਹੀ ਸੀ।

ਪ੍ਰਭਾ ਦੀ ਸਾੜ੍ਹੀ ਰੇਸ਼ਮੀ ਨਹੀਂ ਸੀ, ਸਗੋਂ ਬੜੀ ਮਮੂਲੀ ਜਿਹੀ ਤੇ ਉਹ ਪੈਰੋਂ ਨੰਗੀ ਸੀ। ਸ਼ਾਇਦ ਉਹ ਘਰੋਂ ਹੀ ਰੇਸ਼ਮੀ ਸਾੜ੍ਹੀ ਦੇ ਹੇਠਾਂ ਇਹ ਸਾਦੀ ਜਿਹੀ ਸਾੜ੍ਹੀ ਪਾ ਆਈ ਸੀ। ਰੇਸ਼ਮੀ ਸਾੜ੍ਹੀ ਤੇ ਵਧੀਆ ਪੰਪ ਸ਼ੂ ਸ਼ਾਇਦ ਪਛਾਤੇ ਜਾਣ ਦੇ ਡਰੋਂ ਉਹ ਦਰਿਆ ਵਿਚ ਹੀ ਸੁਟ ਆਈ ਸੀ।

ਦਿੱਲੀ ਦੂਰ ਸੀ, ਉਥੇ ਉਹਨੂੰ ਕਿਸੇ ਵਾਕਫ਼ ਦਾ ਡਰ ਘਟ ਹੋਵੇਗਾ, ਜ਼ਬਾਨ ਵੀ ਹਿੰਦੀ ਉਹਨੂੰ ਆਉਂਦੀ ਸੀ। ਦਿੱਲੀ ਉਹ ਸਵੇਰੇ ਪਹੁੰਚੀ। ਸੋਚਿਆ ਕਿੱਧਰ ਜਾਵੇ। ਇਸ ਦੇਸ ਵਿਚ ਇਸਤ੍ਰੀ ਦੀ ਇਕੱਲਤਾ ਦਾ ਕਿਸੇ ਨੂੰ ਸਤਿਕਾਰ ਹੋਣਾ ਤੇ ਕਿਤੇ ਰਿਹਾ, ਸਗੋਂ ਇਕੱਲੀ ਇਸਤ੍ਰੀ ਲੱਭੀ ਨਹੀਂ ਕਿ ਤਰ੍ਹਾਂ ਤਰ੍ਹਾਂ ਦੀਆਂ ਉਮੈਦਾਂ ਉਹਦੇ ਮਗਰ ਲਗੀਆਂ ਨਹੀਂ। ਪ੍ਰਭਾ

ਨੇ ਵਿਚਾਰਿਆ ਕਿ ਧਾਰਮਕ ਆਸ਼ਰਮਾਂ ਵਿਚ ਕੁਝ ਪਤਾ ਕਰੇ। ਢੂੰਹ ਹਿੰਦੂ ਸੰਸਥਾਵਾਂ ਵਿਚ ਗਈ। ਦੱਸਿਆ ਕਿ ਉਹ ਗ਼ਰੀਬ ਵਿਧਵਾ ਸੀ, ਕੰਮ ਮੰਗਦੀ ਸੀ। ਪਰ ਇਤਫ਼ਾਕ ਨਾਲ ਇਨ੍ਹਾਂ ਦੁਹਾਂ ਥਾਵਾਂ ਦੇ ਸਕੱਤ੍ਰ ਜਵਾਨੀ ਢਲੇ ਤੇ ਅਮੀਰ ਆਦਮੀ ਸਨ। ਜਵਾਨੀ ਵਿਚ ਮਸਤੀ ਤੇ ਚੇਸ਼ਟਾ ਜ਼ਰੂਰ ਹੁੰਦੀਆਂ ਹਨ, ਪਰ ਹਮਦਰਦੀ ਵੀ ਬਹੁਤ ਹੁੰਦੀ ਹੈ; ਪਰ ਜਵਾਨੀ ਲੰਘ ਚੁੱਕੇ ਆਦਮੀ ਕਈ ਵਾਰੀ ਖ਼ੁਦਗ਼ਰਜ਼ ਤੇ ਹਿਰਸੀ ਹੋ ਜਾਂਦੇ ਹਨ – ਕੁਝ ਦੇਣਾ ਇਨ੍ਹਾਂ ਲਈ ਮੁਸ਼ਕਲ ਹੋ ਜਾਂਦਾ ਹੈ। ਹਮੇਸ਼ਾਂ "ਲਊਂ-ਲਊਂ" ਕਰਦੀਆਂ ਅੱਖਾਂ ਨਾਲ ਸਭ ਕਾਸੇ ਨੂੰ ਤਕਦੇ ਹਨ।

ਪ੍ਰਭਾ ਨੂੰ ਇਨ੍ਹਾਂ ਦੋਹਾਂ ਥਾਵਾਂ ਤੋਂ ਨਿਰਾਸਤਾ ਹੋਈ; ਕਿਉਂਕਿ ਦੋਹਾਂ ਸਕੱਤਰਾਂ ਦੀਆਂ ਅੱਖਾਂ ਵਿਚੋਂ ਸੁਆਰਥ ਟਪਕਦਾ ਸੀ। ਪ੍ਰਭਾ ਦੀ ਜਵਾਨੀ ਤੇ ਅਨਾਥ ਅਵਸਥਾ ਨੇ ਜਿਹੜੀਆਂ ਅਯੋਗ ਇਛਾਆਂ ਉਨ੍ਹਾਂ ਦੇ ਦਿਲਾਂ ਵਿਚ ਜਗਾਈਆਂ, ਉਹ ਉਨ੍ਹਾਂ ਦੀਆਂ ਅੱਖਾਂ ਲੁਕਾ ਕੇ ਨਾ ਰਖ ਸਕੀਆਂ।

ਪ੍ਰਭਾ ਨੇ ਪਟਨੇ ਵਿਚ ਸਿੱਖਾਂ ਦਾ ਮੰਦਰ ਵੇਖਿਆ ਹੋਇਆ ਸੀ। ਉਸ ਨੇ ਗੁਰੂ ਨਾਨਕ ਦੇ ਕਈ ਸ਼ਬਦ ਟੈਗੋਰ ਕਵੀ ਦੀ ਗੌਂਦੀ ਬੋਲੀ ਵਿਚ ਉਲਥਾ ਕੀਤੇ ਪੜ੍ਹੇ ਹੋਏ ਸਨ। ਇਨ੍ਹਾਂ ਸ਼ਬਦਾਂ ਦੇ ਪੜ੍ਹਨ ਨਾਲ ਉਹਦਾ ਖ਼ਿਆਲ ਹੋ ਗਿਆ ਸੀ, ਕਿ ਸਿਖ ਧਰਮ, ਹਿੰਦੂ ਧਰਮ ਦਾ ਨਿਰਾ ਸੁਧਾਰ ਹੀ ਨਹੀਂ, ਸਗੋਂ ਵਰਤਮਾਨ ਸਮੇਂ ਦੀ ਦਲੀਲ ਦਾ ਪੂਰਾ ਅਨੁਸਾਰੀ ਹੈ। ਕਿਉਂਕਿ ਉਸ ਗੁਰੂ ਨਾਨਕ ਦੇ ਸ਼ਬਦਾਂ ਵਿਚੋਂ ਪੜ੍ਹਿਆ ਸੀ, ਕਿ ਜਨੇਊ ਸੂਤਕ, ਚੌਂਕਾ, ਜ਼ਾਤ, ਪੂਜਾ, ਨਮਾਜ਼, ਵਰਤ, ਰੋਜ਼ਾ, ਆਰਤੀ, ਤੀਰਥ, ਅਸ਼ਨਾਨ, ਸਭ ਰਸਮਾਂ ਹਨ, ਅਸਲੀ ਵਸਤ ਆਪ ਭਲਾ ਹੋਣਾ ਤੇ ਖ਼ਲ-ਕਤ ਦਾ ਭਲਾ ਕਰਨਾ ਹੈ।

ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਰੂਹਾਨੀ ਪ੍ਰੇਰਨਾ ਹੇਠਾਂ ਕਮਜ਼ੋਰ ਗਏ ਗੁਜ਼ਰੇ ਗ਼ੁਲਾਮ ਆਦਮੀਆਂ ਦਾ ਸਿੰਘਾਂ ਜੇਡਾ ਬਲੀ ਹੋ ਜਾਣਾ ਪੜ੍ਹਿਆ ਹੋਇਆ ਸੀ। ਉਹਨੇ ਕਈ ਵਾਰੀ ਸਿੱਖਾਂ ਦਾ ਇਤਿਹਾਸ ਪੜ੍ਹ ਕੇ ਅੱਥਰੂ ਵਗਾਏ ਹੋਏ ਸਨ, ਕਿ ਕੀਕਰ ਉਨ੍ਹਾਂ ਦੀ ਕੁਰਬਾਨੀ ਤੇ ਬਹਾਦਰੀ ਨੇ

ਗੁਲਾਮੀ ਵਿਚ ਨਿਘਰਦੀ ਜਾਂਦੀ ਸਾਰੀ ਕੌਮ ਨੂੰ ਮੁੜ ਖ਼ੁਦ-ਦਾਰੀ ਸਿਖਾਈ ਸੀ। ਸਿੱਖਾਂ ਦੀਆਂ ਸੂਰਤਾਂ ਉਹਨੂੰ ਇਕ ਤਿਆਗ ਦਾ ਮੁਤਬੱਰਕ ਦ੍ਰਿਸ਼ ਜਾਪਦੀਆਂ ਹੁੰਦੀਆਂ ਸਨ।

ਉਹ ਪੁਛਦੀ ਪੁਛਾਂਦੀ ਇਕ ਗੁਰਦੁਆਰੇ ਵਿਚ ਗਈ। ਕੀਰਤਨ ਵਿਚ ਉਸ ਨੂੰ ਬੜਾ ਰਸ ਆਇਆ। ਪਰ ਉਸ ਵੇਖਿਆ ਕਿ ਪੂਜਾ ਦੀਆਂ ਰਸਮਾਂ ਹਿੰਦੂ ਮੰਦਰਾਂ ਨਾਲੋਂ ਕੁਝ ਵਧ ਹੀ ਸਨ। ਦੀਵਾਨ ਦੀ ਸਮਾਪਤੀ ਉਤੇ ਉਹ ਭਾਈ ਸਾਹਿਬ ਕੋਲ ਗਈ, ਉਹਨਾਂ ਦੇ ਚਰਨਾਂ ਨੂੰ ਹਥ ਲਾਇਆ। ਭਾਈ ਸਾਹਿਬ ਨੇ ਅਸੀਸ ਦੇ ਕੇ ਕੋਲ ਬਹਾਇਆ। ਪ੍ਰਭਾ ਨੇ ਆਪਣੀ ਔਕੜ ਜਿੰਨੀ ਕੁ ਉਹ ਦਸ ਸਕਦੀ ਸੀ ਦੱਸੀ। ਉਹਦਾ ਵਿਸ਼ਵਾਸ ਭਾਈ ਸਾਹਿਬ ਉੱਤੇ ਹਿੰਦੂ ਸ਼ਕਲਾਂ ਨਾਲੋਂ ਕੁਝ ਵਧੇਰਾ ਸੀ, ਕਿਉਂਕਿ ਸੂਰਤ ਵਿਚ ਚੰਗੀ ਬਜ਼ੁਰਗੀ ਸੀ। ਹਿਤ ਤੇ ਹਮਦਰਦੀ ਦੀ ਆਸ ਨਾਲ ਪ੍ਰੇਰੀ ਹੋਈ ਪ੍ਰਭਾ ਨੇ ਆਪਣਾ ਬੇਆਸਰਾ ਹੋਣਾ ਦਸਿਆ ਤੇ ਮੰਗਿਆ ਕਿ ਉਹਨੂੰ ਸੇਵਾ ਦੇ ਬਦਲੇ ਵਿਚ ਪਨਾਹ ਦਿੱਤੀ ਜਾਵੇ। ਸਿਰਫ਼ ਪਨਾਹ, ਤਾਕਿ ਉਹਦੀ ਜਵਾਨੀ ਹਰ ਕਿਸੇ ਦਾ ਲਾਲਚ ਨਾ ਬਣੀ ਰਹੇ।

ਇਹ ਗੱਲਾਂ ਕਰਦੇ ਹੀ ਸਨ, ਕਿ ਭਾਈ ਸਾਹਿਬ ਦਾ ਜਵਾਨ ਪੁੱਤਰ ਉਨ੍ਹਾਂ ਨਾਲ ਕੋਈ ਗਲ ਕਰਨ ਲਈ ਆ ਗਿਆ। ਜਿਨ੍ਹਾਂ ਲਾਲਚੀ ਅੱਖਾਂ ਦੇ ਡਰੋਂ ਪ੍ਰਭਾ ਪਨਾਹ ਮੰਗ ਰਹੀ ਸੀ, ਉਹੀ ਅੱਖਾਂ ਉਹਦੇ ਉੱਤੇ ਜੁੜ ਗਈਆਂ। ਇਹ ਜਵਾਨ, ਗੱਲਾਂ ਤੇ ਆਪਣੇ ਪਿਉ ਨਾਲ ਕਰਦਾ ਸੀ, ਪਰ ਉਹਦੀਆਂ ਅੱਖਾਂ ਪ੍ਰਭਾ ਉੱਤੋਂ ਹਿਲ ਹੀ ਨਾ ਸਕੀਆਂ। ਪੁਛਣੋਂ ਵੀ ਰਿਹਾ ਨਾ ਗਿਆ ਕਿ ਉਹ ਭਾਈ ਕੋਲ ਬੈਠੀ ਕੌਣ ਇਸਤ੍ਰੀ ਸੀ। ਭਾਈ ਸਾਹਿਬ ਨੇ ਮਸਾਂ ਘੂਰ ਘਾਰ ਕੇ ਜਵਾਨ ਨੂੰ ਕੋਲੋਂ ਤੋਰਿਆ। ਬੜੇ ਹਮਦਰਦੀ ਭਰੇ ਲਹਿਜੇ ਵਿਚ ਪ੍ਰਭਾ ਨੂੰ ਆਸ ਦੁਆਈ ਕਿ ਉਹ ਉਹਨੂੰ ਆਪਣੀ ਬੱਚੀ ਸਮਝਣਗੇ, ਤੇ ਹਰ ਤਰ੍ਹਾਂ ਦੀ ਪਨਾਹ ਦੇਣਗੇ – ਪਰ ਗੱਲਾਂ ਗੱਲਾਂ ਵਿਚ ਉਨ੍ਹਾਂ ਇਹ ਵੀ ਇਸ਼ਾਰਾ ਕਰ ਦਿੱਤਾ ਕਿ ਉਨ੍ਹਾਂ ਦਾ ਉਹ ਜਵਾਨ ਲੜਕਾ ਅਜੇ ਕਵਾਰਾ ਹੀ ਸੀ ਤੇ ਉਹ ਬੜਾ ਚੰਗਾ ਲੜਕਾ ਸੀ। ਪ੍ਰਭਾ ਅਸਬਾਬ

ਲਿਆਉਣ ਲਈ ਵਿਦਿਆ ਹੋਈ।

ਪਰ ਜੇ ਭਾਈ ਸਾਹਿਬ ਆਪਣੇ ਮੁੰਡੇ ਦਾ ਖ਼ਿਆਲ ਭੁਲਾ ਕੇ ਪ੍ਰਭਾ ਦੀ ਨਿੰਮੋਝੂਣਤਾ ਵਲ ਵੀ ਵੇਖ ਲੈਂਦੇ ਤਾਂ ਜਾਣ ਜਾਂਦੇ ਕਿ ਪ੍ਰਭਾ ਵਾਪਸ ਆਉਣ ਲਈ ਨਹੀਂ ਸੀ ਜਾ ਰਹੀ। ਜਿਨ੍ਹੂੰ ਉਹ ਹੀਰਾ ਸਮਝਦੀ ਸੀ, ਉਹਦੇ ਕੱਚ ਵਿਚੋਂ ਉਸ ਨੇ ਉਹਦੀਆਂ ਕੱਚੀਆਂ ਇਛਾਆਂ ਨੂੰ ਝਾਕ ਲਿਆ ਸੀ।

ਉਹ ਚਲੀ ਆਈ ਤੇ ਆਪਣੀ ਖ਼ਲਾਸੀ ਦਾ ਹੌਲਾ-ਪਨ ਮਹਿਸੂਸ ਕਰ ਰਹੀ ਸੀ। ਪਰ ਉਹਦੇ ਮਗਰ ਇਕ ਆਦਮੀ ਛੇਤੀ ਛੇਤੀ ਤੁਰਿਆ ਆ ਰਿਹਾ ਸੀ। ਜਦੋਂ ਉਹ ਇਕ ਮੋੜ ਤੋਂ ਮੁੜਨ ਲਗੀ ਤਾਂ ਉਸ ਸਿਖ ਨੇ ਉਹਨੂੰ ਠਹਿਰਨ ਲਈ ਆਖਿਆ। ਪਹਿਲੋਂ ਤੇ ਪ੍ਰਭਾ ਨੇ ਉਹਨੂੰ ਭਾਈ ਸਾਹਿਬ ਦਾ ਪੁੱਤਰ ਸਮਝਿਆ ਤੇ ਡਰ ਗਈ, ਪਰ ਕੋਲ ਪੁਜਾ ਤਾਂ ਉਹ ਕੋਈ ਹੋਰ ਸੀ, ਜਿਸ ਨੇ ਉਹਦੀਆਂ ਗੱਲਾਂ ਭਾਈ ਸਾਹਿਬ ਨਾਲ ਸੁਣ ਲਈਆਂ ਸਨ।

ਏਸ ਸਿਖ ਨੇ ਪ੍ਰਭਾ ਨੂੰ ਇਕ ਪਾਸੇ ਲਿਜਾ ਕੇ ਸਮਝਾਇਆ ਕਿ ਭਾਈ ਦਾ ਮੁੰਡਾ ਸ਼ਰਾਬੀ ਹੈ, ਐਬੀ ਹੈ। ਉਹਦੇ ਝਾਂਸੇ ਵਿਚ ਨਾ ਆਵੇ। ਪਰ ਆਪਣੀ ਬੜੀ ਤਾਰੀਫ ਕੀਤੀ ਤੇ ਜ਼ਾਤ ਪਾਤ ਦੀ ਲਾ-ਪਰਵਾਹੀ ਦਾ ਦਾਅਵਾ ਕਰਦਿਆਂ ਹੋਇਆਂ ਉਸੇ ਦਿਨ ਅਨੰਦ ਪੜ੍ਹਾਨ ਦੀ ਤਿਆਰੀ ਦੱਸੀ। ਪ੍ਰਭਾ ਨੂੰ ਬੜਾ ਗੁੱਸਾ ਆਇਆ ਤੇ ਉਹ ਮਨ ਵਿਚ ਬੜੀ ਪਛਤਾਈ ਕਿ ਉਸ ਕਾਹਨੂੰ ਘਣ ਨੂੰ ਛੇੜ ਲਿਆ। ਪਰ ਗੁੱਸੇ ਨੂੰ ਰੋਕ ਕੇ ਉਸ ਨੇ ਉਸ ਸਿਖ ਨੂੰ ਯਕੀਨ ਦੁਆਇਆ ਕਿ ਉਹ ਗੁਰਦੁਆਰੇ ਦੇ ਭਾਈ ਕੋਲ ਨਹੀਂ ਮੁੜੇਗੀ।

ਓਪਰੇ ਦੇਸ ਦੀ ਜਵਾਨ ਇਸਤ੍ਰੀ ਸਿਖ ਦੇ ਕੋਲ ਖੜੋਤੀ ਵੇਖ ਕੇ ਇਕ ਹੋਰ ਰਾਹ ਜਾਂਦਾ ਸਿਖ ਉਨ੍ਹਾਂ ਦੇ ਕੋਲ ਆ ਗਿਆ। ਇਹਦੀਆਂ ਅੱਖਾਂ ਵਿਚ ਵੀ ਉਹੀ ਕੁਝ ਸੀ ਜੋ ਪਹਿਲੇ ਦੀਆਂ ਵਿਚ ਸੀ। ਪ੍ਰਭਾ ਡਰੀ ਕਿ ਕਿਸੇ ਡਾਢੀ ਖੁੱਭਣ ਵਿਚ ਜਾ ਫਸੀ ਸੀ। ਉਸ ਮੋੜ ਵਲ ਤੱਕਿਆ; ਉਥੇ ਸਿਪਾਹੀ ਖੜੋਤਾ ਸੀ, ਤੇ ਹੋਰ ਪਰੇਰੇ ਜ਼ਨਾਨੇ ਮਿਸ਼ਨ ਹਸਪਤਾਲ ਦਾ ਵਡਾ ਬੋਰਡ

ਧੁਪ ਵਿਚ ਚਮਕ ਰਿਹਾ ਸੀ। ਪ੍ਰਭਾ ਝਟ ਸਿਪਾਹੀ ਵਲ ਚਲੀ ਗਈ ਤੇ ਪੁੱਛਣ ਲਗੀ ਕਿ ਉਹ ਬੀਮਾਰ ਹੋਣ ਕਰ ਕੇ ਜ਼ਨਾਨੇ ਹਸਪਤਾਲ ਵਿਚ ਜਾਣਾ ਚਾਹੁੰਦੀ ਸੀ। ਸਿਪਾਹੀ ਨੇ ਰਾਹ ਦਸ ਦਿੱਤਾ। ਰਾਹ ਤੇ ਉਸ ਆਪੇ ਹੀ ਵੇਖ ਲਿਆ ਸੀ ਪਰ ਉਹ ਸਿਪਾਹੀ ਦੀ ਆੜ ਲੈਣਾ ਚਾਹੁੰਦੀ ਸੀ, ਤੇ ਜੇ ਫੇਰ ਵੀ ਉਹ ਸਿਖ ਉਹਦੇ ਮਗਰ ਆਏ ਤਾਂ ਉਹ ਉਹਨੂੰ ਸ਼ਿਕਾਇਤ ਕਰ ਦੇਵੇਗੀ।

ਇਹ ਹਸਪਤਾਲ ਪ੍ਰਭਾ ਨੂੰ ਕਿਲ੍ਹਾ ਜਿਹਾ ਜਾਪਿਆ। ਸਿਵਾਇ ਮਿਹਤਰ ਚਪੜਾਸੀ ਆਦਿ ਨੌਕਰਾਂ ਦੇ ਹੋਰ ਕੋਈ ਮਰਦ ਉਥੇ ਨਹੀਂ ਸੀ, ਨਰਸਾਂ ਤੇ ਮਿਸਾਂ ਦੇ ਮੂੰਹ ਆਸਦਾਇਕ ਸਨ। ਪ੍ਰਭਾ ਨੇ ਵਡੀ ਮੈਟਰਨ ਨੂੰ ਮਿਲਣਾ ਚਾਹਿਆ। ਇਕ ਨਰਸ ਉਹਨੂੰ ਵੱਡੀ ਮਿਸ ਸਾਹਬ ਦੇ ਬੰਗਲੇ ਲੈ ਗਈ। ਇਹ ਬੰਗਲਾ ਹਸਪਤਾਲ ਦੇ ਹਾਤੇ ਵਿਚ ਈ ਸੀ। ਵੱਡੀ ਮੈਟਰਨ ਬਾਹਰ ਵਰਾਂਡੇ ਵਿਚ ਬੈਠੀ ਨਾਸ਼ਤਾ ਖਾ ਰਹੀ ਸੀ। ਉਸ ਨੇ ਪ੍ਰਭਾ ਨੂੰ ਆਪਣੇ ਨਾਲ ਕੁਰਸੀ ਉੱਤੇ ਬਿਠਾ ਲਿਆ। ਕੁਝ ਖਾਣ ਲਈ ਆਖਿਆ, ਪ੍ਰਭਾ ਨੇ ਇਨਕਾਰ ਕੀਤਾ। ਮੈਟਰਨ ਖਾਂਦੀ ਰਹੀ, ਨਾਲੇ ਗੱਲਾਂ ਕਰਦੀ ਰਹੀ। ਮੇਮ ਦਾ ਵਤੀਰਾ ਇਹੋ ਜਿਹਾ ਸੀ ਕਿ ਪ੍ਰਭਾ ਨੇ ਆਪਣੀ ਸਾਰੀ ਕਹਾਣੀ ਸੱਚੋ ਸਚ ਦਸ ਦਿੱਤੀ ਤੇ ਪਨਾਹ ਮੰਗੀ।

"ਜੋ ਕੁਝ ਹੋ ਸਕਦਾ ਹੈ, ਸਾਡਾ ਮਿਸ਼ਨ ਤੁਹਾਡੇ ਲਈ ਕਰੇਗਾ" ਮੇਮ ਨੇ ਆਖਿਆ, "ਪਰ ਜੇ ਤੁਸੀ ਇਸ ਤਰ੍ਹਾਂ ਸਾਰਿਆਂ ਨਾਲ ਤਿਨਕਾ ਤੋੜ ਕੇ ਹੀ ਆਏ ਹੋ, ਤਾਂ ਮੈਂ ਸਿਫ਼ਾਰਸ਼ ਕਰਾਂਗੀ ਕਿ ਤੁਸੀ ਈਸਾਈ ਮਤ ਧਾਰਨ ਕਰ ਲਓ – ਫੇਰ ਤੁਹਾਡੀ ਪਨਾਹ ਮੁਕੰਮਲ ਹੋ ਜਾਇਗੀ।"

"ਕੀ ਮਜ਼੍ਹਬ ਬਦਲੇ ਬਿਨਾਂ ਆਪ ਮੇਰੀ ਸਹਾਇਤਾ ਨਹੀਂ ਕਰ ਸਕੋਗੇ ?" ਪ੍ਰਭਾ ਨੇ ਪੁੱਛਿਆ।

"ਜ਼ਰੂਰ ਕਰ ਸਕਾਂਗੇ – ਮਜ਼੍ਹਬ ਬਦਲਣਾ ਕੋਈ ਜ਼ਰੂਰੀ ਨਹੀਂ, ਪਰ ਤੁਹਾਡੀ ਪੂਰੀ ਪਨਾਹ ਲਈ ਸ਼ਾਇਦ ਮਜ਼੍ਹਬ ਬਦਲ ਲੈਣਾ ਚੰਗਾ ਹੀ ਹੁੰਦਾ।" ਮੇਮ ਨੇ ਉੱਤਰ ਦਿੱਤਾ।

"ਜੇ ਜ਼ਰੂਰੀ ਨਹੀਂ, ਮੇਮ ਸਾਹਿਬ" ਪ੍ਰਭਾ ਨੇ ਆਖਿਆ, "ਤਾਂ ਅਜੇ ਮੈਨੂੰ ਕਿਸੇ ਤਬਦੀਲੀ ਲਈ ਹੁਕਮ ਨਾ ਦਿਓ – ਮੈਂ ਆਪ ਦੇ ਕ੍ਰਿਪਾ ਭਰੇ ਸਲੂਕ ਨਾਲ ਆਪੇ ਹੀ ਬਦਲੀ ਜਾਵਾਂਗੀ।"

"ਜਿਸ ਤਰ੍ਹਾਂ ਤੁਹਾਡੀ ਇੱਛਾ ਹੋਵੇ – ਸਾਡੀ ਸੇਵਾ ਦੇ ਬੂਹੇ ਤੁਹਾਡੇ ਲਈ ਖੁਲ੍ਹੇ ਹਨ, ਸਿਰਫ਼ ਖਾਣ ਪੀਣ ਵਰਤਣ ਦੀ ਤੁਹਾਨੂੰ ਤਕਲੀਫ਼ ਹੋਵੇਗੀ।" ਮੈਟਰਨ ਨੇ ਇਕ ਵਾਰ ਫੇਰ ਪ੍ਰਭਾ ਨੂੰ ਤਰਗੀਬ ਦੇਣੀ ਚਾਹੀ।

"ਖਾਣ ਪੀਣ ਦਾ ਮੈਨੂੰ ਕੋਈ ਇਤਰਾਜ਼ ਨਹੀਂ – ਮੈਂ ਗਿਰਜੇ ਵੀ ਜਾਵਾਂਗੀ, ਜਿਹੜੀਆਂ ਪੁਸਤਕਾਂ ਆਪ ਦੇਵੋਗੇ, ਉਹ ਵੀ ਪੜ੍ਹਾਂਗੀ, ਕਿਸੇ ਹਿੰਦੂ ਪੂਜਾ ਪਾਠ ਨਾਲ ਅਨੋਖੀ ਜਾਪ ਕੇ ਏਸ ਹਾਤੇ ਵਿਚ ਰਹਿਣ ਵਾਲੀਆਂ ਈਸਾਈ ਭੈਣਾਂ ਦੀਆਂ ਗੱਲਾਂ ਦਾ ਨਿਸ਼ਾਨਾ ਵੀ ਨਹੀਂ ਬਣਾਂਗੀ, ਤੁਸੀ ਮੇਮ ਸਾਹਬ" ਪ੍ਰਭਾ ਨੇ ਯਕੀਨ ਦੁਆਇਆ, "ਖ਼ਾਤਰ ਜਮ੍ਹਾ ਰਖੋ, ਮੈਂ ਉਸੇ ਤਰ੍ਹਾਂ ਹੀ ਰਹਾਂਗੀ ਜੀਕਰ ਏਥੋਂ ਦੀਆਂ ਭੈਣਾਂ ਰਹਿੰਦੀਆਂ ਹਨ, ਸਿਰਫ਼ ਵਿਖਾਲੇ ਦੀ ਤਬਦੀਲੀ ਤੋਂ ਮੇਰੀ ਆਤਮਾ ਨਾਂਹ ਕਰਦੀ ਹੈ।"

"ਬਸ ਫੇਰ ਕੋਈ ਚਿੰਤਾ ਨਹੀਂ" ਮੈਟਰਨ ਪ੍ਰਸੰਨ ਹੋ ਕੇ ਬੋਲੀ, "ਮੈਨੂੰ ਚਿੰਤਾ ਇਹੀ ਸੀ, ਕਿ ਤੁਹਾਡਾ ਅਨੋਖਾ ਤੇ ਵਖਰਾਪਨ ਵੇਖ ਕੇ ਕਈ ਜੀਭਾਂ ਤੁਹਾਡੇ ਜੀਵਨ ਅਤੇ ਮੇਰੇ ਨਜ਼ਾਮ ਦੋਹਾਂ ਵਿਚ ਵਿਘਨ ਪਾਣਗੀਆਂ।"

"ਏਸ ਗਲ ਦਾ ਆਪ ਬਿਲਕੁਲ ਫ਼ਿਕਰ ਨਾ ਕਰੋ – ਵਿਘਨ ਦਾ ਕਾਰਨ ਬਣਦਿਆਂ ਸਾਰ ਮੈਂ ਏਥੋਂ ਤੁਰ ਜਾਵਾਂਗੀ ਤੇ ਸਦਾ ਆਪ ਦੀ ਕ੍ਰਿਤਗਯ ਰਹਾਂਗੀ – ਪਰ ਕੀ ਮੈਂ ਆਪ ਨੂੰ ਆਪਣੀ ਦਸ਼ਾ ਪੂਰੀ ਤਰ੍ਹਾਂ ਸਮਝਾਣ ਵਿਚ ਸਫਲ ਹੋਈ ਹਾਂ? – ਮੇਰੇ ਗਰਭ ਵਿਚ ਬੱਚਾ ਵੀ ਹੈ –" ਪ੍ਰਭਾ ਨੇ ਯਕੀਨ ਕਰਨਾ ਚਾਹਿਆ ਕਿ ਕੋਈ ਨਿੱਕਾ ਜਿਹਾ ਭੁਲੇਖਾ ਵੀ ਨਾ ਰਹਿ ਗਿਆ ਹੋਵੇ।

"ਹਾਂ – ਮੈਂ ਸਭ ਕੁਝ ਸਮਝ ਲਿਆ ਹੈ – ਮੈਂ ਤੁਹਾਨੂੰ ਪੂਰੀ ਪਨਾਹ ਦਿਆਂਗੀ। ਏਸ ਕਿਲ੍ਹੇ ਵਿਚ ਬਾਹਰਲੀਆਂ ਜ਼ਬਾਨਾਂ ਕੋਈ ਕਾਟ ਨਹੀਂ ਕਰਦੀਆਂ – ਤੁਸੀ ਆਪਣੀਆਂ ਸਾਥਣਾਂ ਦੀ ਹਮਦਰਦੀ ਜਿੱਤੀ ਰਖਣਾ –

ਫੇਰ ਹੋਰ ਕਿਸੇ ਚਿੰਤਾ ਦੀ ਲੋੜ ਨਹੀਂ," ਮੇਮ ਨੇ ਕੁਰਸੀ ਤੋਂ ਉਠ ਕੇ ਆਖਿਆ ।

ਫੇਰ ਮੇਮ ਤੇ ਪ੍ਰਭਾ ਬਾਗ਼ ਵਿਚ ਟਹਿਲਦੀਆਂ ਰਹੀਆਂ ਤੇ ਮੇਮ ਪ੍ਰਭਾ ਦੀ ਬੁਧੀ ਤੇ ਤਜਰਬੇ ਤੋਂ ਜਾਣੂ ਹੋ ਕੇ ਬੜੀ ਪ੍ਰਸੰਨ ਹੋ ਰਹੀ ਸੀ । ਪ੍ਰਭਾ ਨੇ ਫਿਜ਼ਿਆਲੋਜੀ ਵੀ ਪੜ੍ਹੀ ਹੋਈ ਸੀ। ਹੋਰ ਅੰਗਰੇਜ਼ੀ ਸਾਹਿਤ ਤੇ ਇਤਿਹਾਸ ਦੀ ਵੀ ਕਾਫ਼ੀ ਵਾਕਫ਼ੀਅਤ ਸੀ।

ਮੈਟਰਨ ਨੇ ਛੋਟੀ ਮੇਮ ਨੂੰ ਬੁਲਾਇਆ। ਉਹਦੇ ਨਾਲ ਸਾਰੀ ਸਲਾਹ ਕਰ ਕੇ ਪ੍ਰਭਾ ਨੂੰ ਇਕ ਚੰਗਾ ਕਮਰਾ ਦੇ ਦਿੱਤਾ, ਡਿਊਟੀ ਵੀ ਨੀਯਤ ਕਰ ਦਿੱਤੀ ਤੇ ਨਰਸ ਦਾ ਕੰਮ ਸਿਖਾਣ ਲਈ ਉਚੇਚੇ ਪ੍ਰਬੰਧ ਦੀ ਤਜਵੀਜ਼ ਕੀਤੀ।

## ੭

ਪ੍ਰਭਾ ਨੇ ਇਕ ਦੋ ਮਹੀਨਿਆਂ ਵਿਚ ਹੀ ਸਾਬਤ ਕਰ ਦਿੱਤਾ ਕਿ ਉਹ ਸਾਰੇ ਹਾਤੇ ਵਿਚੋਂ ਸਿਆਣੀ ਕੁੜੀ ਸੀ, ਮਿੱਠਾ ਤੇ ਮਿਲਵਰਤਣਾ ਦਿਲ ਰਖਦੀ ਸੀ। ਉਹਦਾ ਵਤੀਰਾ ਪੂਰਨ ਈਸਾਈਅਤ ਸੀ। ਕੋਈ ਨਹੀਂ ਸੀ ਕਹਿ ਸਕਦਾ ਕਿ ਉਹ ਹਿੰਦੂ ਸੀ। ਸਿਰਫ਼ ਉਹ ਈਸਾਈਆਂ ਵਾਲੀਆਂ ਸਹੁਆਂ ਨਹੀਂ ਸੀ ਖਾਂਦੀ ਤੇ ਨਾ ਯਸੂ ਮਸੀਹ ਜਾਂ ਮਾਤਾ ਮਰੀਅਮ ਦੀਆਂ ਤਸਵੀਰਾਂ ਅਗੇ ਮੱਥੇ ਟੇਕਦੀ ਸੀ, ਨਾ ਇਕ ਨੂੰ ਰਬ ਦਾ ਇਕਲੌਤਾ ਤੇ ਦੂਜੀ ਨੂੰ ਕੰਵਾਰੀ ਮਾਤਾ ਮੰਨਦੀ ਸੀ।

ਹੁਣ ਪ੍ਰਭਾ ਬਾਹਰ ਸ਼ਹਿਰ ਵਿਚ ਵੀ ਜਾਂਦੀ ਸੀ। ਉਹਨੂੰ ਕੋਈ ਔਖ ਨਹੀਂ ਸੀ। ਈਸਾਈ ਮਿੱਸਾਂ ਨਾਲ ਹਿੰਦੁਸਤਾਨੀ ਲੁੱਚੇ ਵੀ ਆਜ਼ਾਦੀ ਲੈਣੋਂ ਡਰਦੇ ਹਨ। ਹਿੰਦੁਸਤਾਨੀਆਂ ਨੂੰ ਫ਼ਾਸਲੇ ਉੱਤੇ ਰਖਣ ਲਈ ਟੋਪੀ ਜਾਂ ਗੌਣ ਪਾ ਲੈਣਾ ਕਾਫ਼ੀ ਹੈ। ਟੋਪੀ ਪਾਈ ਹੋਈ ਨੂੰ ਵੀ ਇਹ ਸਲਾਮ ਕਰ ਦੇਂਦੇ ਹਨ, ਪਰ ਪੱਗਾਂ ਰੇਸ਼ਮੀ ਵੀ ਲਾਹਣੋਂ ਨਹੀਂ ਟਲਦੇ।

ਪ੍ਰਭਾ ਦਾ ਬਾਲ ਆ ਗਿਆ। ਇਹ ਕਾਕਾ ਸੀ। ਸਾਰੇ ਹਾਤੇ ਵਿਚ

ਖ਼ੁਸ਼ੀ ਹੋਈ। ਪ੍ਰਭਾ ਦੀ ਸਿਹਤ ਵੀ ਚੰਗੀ ਰਹੀ। ਮੈਟਰਨ ਰੋਜ਼ ਉਹਨੂੰ ਵੇਖਣ ਲਈ ਆਉਂਦੀ। ਪ੍ਰਭਾ ਦੀਆਂ ਹੋਰ ਸਾਥਣਾਂ ਨੇ ਉਹਦੇ ਅੰਦਰ ਰਹਿਣ ਵਾਲੇ ਦਿਨਾਂ ਨੂੰ ਬੜਾ ਸੁਖਾਲਿਆਂ ਕੀਤਾ।

ਪ੍ਰਭਾ ਬੜੀ ਖੁਸ਼ ਸੀ। ਜਦੋਂ ਘੜੀ ਦੋ ਘੜੀ ਲਈ ਕਦੇ ਉਹਦੀ ਨਰਸ ਕਪੜੇ ਵੰਗਣ ਲਈ ਬਾਹਰ ਜਾਂਦੀ ਤੇ ਹੋਰ ਸਾਥਣ ਵੀ ਕੋਲ ਕੋਈ ਨਾ ਹੁੰਦੀ ਤਾਂ ਉਹ ਬੱਚੇ ਨੂੰ ਪੰਘੂੜੇ ਚੋਂ ਕਢ ਕੇ ਆਪਣੇ ਪਾਸੇ ਨਾਲ ਲਾ ਲੈਂਦੀ, ਤੇ ਉਹਦੀਆਂ ਮੀਟੀਆਂ ਅੱਖਾਂ ਨਾਲ ਅੱਖਾਂ ਜੋੜ ਕੇ ਆਖਦੀ :

"ਚਿਤਰੰਜਨ – ਇਹ ਤੁਹਾਡੀਆਂ ਅੱਖਾਂ ਹਨ ? – ਚਿਤਰੰਜਨ, ਇਹ ਤੁਹਾਡੇ ਕੇਸ ਹਨ ? – ਏਸੇ ਤਰ੍ਹਾਂ ਦੇ ਘਣੇ ਤੇ ਕਾਲੇ ਤੁਹਾਡੇ ਸਨ – ਇਹਦਾ ਨਾ ਮੈਂ ਕੀ ਰਖਾਂ ? ਜੀ ਕਰਦਾ ਏ, ਚਿਤਰੰਜਨ ਹੀ ਰਖ ਦਿਆਂ – ਕੀ ਪੁੱਤਰਾਂ ਦੇ ਨਾਂ ਪਿਉਵਾਂ ਵਰਗੇ ਨਹੀਂ ਹੋ ਸਕਦੇ ? – ਪਰ ਮੈਨੂੰ ਤੇ ਇਹ ਤੁਸੀ ਹੀ ਜਾਪਦੇ ਹੋ – ਕੇਲੇ ਦੇ ਮੁੱਢ ਵਿਚੋਂ ਨਵਾਂ ਕੇਲਾ ਜੰਮਿਆਂ ਹੈ – ਇਹ ਉਹੀ ਹੈ – ਤਾਂ ਹੁਣ ਮੈਂ ਵਿਧਵਾ ਨਹੀਂ ਰਹੀ ? ਵਡੇ ਹੋ ਕੇ ਪੁੱਤਰ ਆਪਣੇ ਪਿਉਵਾਂ ਦਾ ਮੁਹਾਂਦਰਾ ਹੀ ਹੋ ਜਾਂਦੇ ਨੇ – ਇਹ ਵੀ ਚਿਤਰੰਜਨ ਵਰਗਾ ਹੋ ਜਾਇਗਾ – ਉਹੀ ਮੋਕਲੇ ਅੰਗ – ਮੈਂ ਇਹਦੀ ਜਵਾਨੀ ਨੂੰ ਗਲ ਨਾਲ ਲਾਵਾਂਗੀ – ਲੋਕਾਂ ਦੀਆਂ ਨਜ਼ਰਾਂ ਵਿਚ ਇਹ ਮੇਰਾ ਪੁੱਤਰ ਹੋਵੇਗਾ, ਪਰ ਮੇਰੀਆਂ ਬਾਹਵਾਂ ਵਿਚ ਮੇਰਾ ਚਿਤਰੰਜਨ ਹੋਵੇਗਾ – (ਮੂੰਹ ਚੁੰਮ ਕੇ) ਹੁਣ ਮੈਂ ਵਿਧਵਾ ਨਹੀਂ – (ਫੇਰ ਚੁੰਮ ਕੇ) ਚਿਤਰੰਜਨ ਮੈਨੂੰ ਲੱਭ ਪਿਆ – ਹੁਣ ਮੈਂ ਵਿਧਵਾ ਨਹੀ –"

ਉਤੋਂ ਨਰਸ ਆ ਜਾਂਦੀ, ਤੇ ਬੱਚਾ ਕੁਛੜ ਲੈ ਕੇ ਨਿਕੀ ਜਿਹੀ ਝਿੜਕ ਦੇਂਦੀ :

"ਮਿਸ ਸਾਹਿਬ – ਮੈਂ ਕਈ ਵਾਰੀ ਆਖਿਆ ਏ – ਤੁਸੀ ਉਠ ਕੇ ਬੱਚੇ ਨੂੰ ਪੰਘੂੜੇ ਚੋਂ ਨਾ ਕੱਢਿਆ ਕਰੋ – ਤੁਹਾਨੂੰ ਕੋਈ ਤਕਲੀਫ ਹੋ ਜਾਇਗੀ।"

"ਹਛਾ ਫੇਰ ਨਹੀਂ ਕਰਾਂਗੀ – ਹੁਣ ਮਾਫ਼ੀ ਦੇ ਦੇ" ਪ੍ਰਭਾ ਆਪਣੀ

ਨਰਸ ਦਾ ਹਥ ਫੜ ਕੇ ਆਪਣੇ ਬੁਲ੍ਹਾਂ ਉੱਤੇ ਧਰ ਲੈਂਦੀ, ਉਹਦਾ ਜੀਅ ਹਰੇਕ ਨੂੰ ਚੁੰਮਣ ਲਈ ਕਰਦਾ ਸੀ। ਸ਼ਾਇਦ ਇਸੇ ਕਰ ਕੇ ਬਾਲ ਵਾਲੀ ਮਾਂ ਨੂੰ ਲੋਕ ਚੰਗਾ ਸ਼ਗਣ ਸਮਝਦੇ ਹਨ। ਹਰੀ ਟਹਿਣੀ ਵਾਂਗੂ ਹਰੀ ਕੁਖ ਵੀ ਕੂਲੀ ਹੁੰਦੀ ਹੈ, ਤੇ ਉਹਦੇ ਬੋਲ ਵਿਚੋਂ ਫਲ ਦੀ ਸੁਗੰਧ ਆਉਂਦੀ ਹੈ।

ਪ੍ਰਭਾ ਦਾ ਕਾਕਾ ਰਾਜ਼ੀ ਖ਼ੁਸ਼ੀ ਵਡਾ ਹੁੰਦਾ ਗਿਆ। ਸਾਰੇ ਹਾਤੇ ਦਾ ਖਿਡੌਣਾ ਸੀ। ਪ੍ਰਭਾ ਆਪਣੇ ਕੰਮ ਵਿਚ ਬੜੀ ਸੁਚੱਜੀ ਹੋ ਗਈ। ਨਰਸਿੰਗ ਦਾ ਇਮਤਿਹਾਨ ਵੀ ਪਾਸ ਕਰ ਲਿਆ। ਸੁਚੱਜੀ ਤੇ ਉਹ ਪਹਿਲੋਂ ਹੀ ਸਾਰਿਆਂ ਨਾਲੋਂ ਵਧ ਸੀ, ਪਰ ਇਮਤਿਹਾਨ ਦੀ ਕਸਰ ਸੀ, ਜਦੋਂ ਇਹ ਵੀ ਪੂਰੀ ਹੋ ਗਈ ਤਾਂ ਮੈਟਰਨ ਨੇ ਉਹਨੂੰ ਹੈਡ ਨਰਸ ਬਣਾ ਦਿੱਤਾ।

ਇਹ ਤਰੱਕੀ ਉਹਦੇ ਲਈ ਲਾਭਦਾਇਕ ਨਾ ਹੋਈ। ਕਿਉਂਕਿ ਅਗੇ ਉਹ ਹਰ-ਮਨ ਪਿਆਰੀ ਸੀ, ਹੁਣ ਦੋ ਤਿੰਨਾਂ ਨਰਸਾਂ ਦੀ ਈਰਖਾ ਦਾ ਕਾਰਨ ਬਣ ਗਈ। ਉਹ ਕੁਝ ਕਰ ਤੇ ਨਹੀਂ ਸਨ ਸਕਦੀਆਂ, ਪਰ ਉਨ੍ਹਾਂ ਦੇ ਪਿਆਰ ਦੀ ਘਾਟ ਉਹਨੂੰ ਮਹਿਸੂਸ ਹੋ ਰਹੀ ਸੀ। ਪ੍ਰਭਾ ਨੇ ਦੋ ਵਾਰੀ ਮੈਟਰਨ ਨੂੰ ਆਖਿਆ ਕਿ ਉਹਨੂੰ ਛੋਟੀ ਨਰਸ ਬਣਾ ਦਿੱਤਾ ਜਾਏ, ਪਰ ਮੈਟਰਨ ਸਗੋਂ ਈਰਖਾ ਕਰਨ ਵਾਲੀਆਂ ਨਰਸਾਂ ਦੇ ਵਿਰੁਧ ਹੁੰਦੀ ਗਈ। ਇਹਦਾ ਅਸਰ ਵੀ ਪ੍ਰਭਾ ਉੱਤੇ ਮਾੜਾ ਹੀ ਪੈਂਦਾ ਰਿਹਾ।

ਮੈਟਰਨ ਦੇ ਰੀਟਾਇਰ ਹੋਣ ਦਾ ਵੇਲਾ ਆ ਗਿਆ ਤਾਂ ਵੀ ਪ੍ਰਭਾ ਨੇ ਆਖਿਆ ਕਿ ਉਹ ਜਾਣ ਤੋਂ ਪਹਿਲਾਂ ਉਹਨੂੰ ਛੋਟੀ ਨਰਸ ਬਣਾ ਜਾਵੇ। ਪਰ ਮੈਟਰਨ ਨੇ ਇਹ ਮਨਜ਼ੂਰ ਨਾ ਕੀਤਾ ਤੇ ਆਖਿਆ ਕਿ ਉਹ ਨਵੀਂ ਮੈਟਰਨ ਨੂੰ ਚੰਗੀ ਤਰ੍ਹਾਂ ਸਮਝਾ ਜਾਏਗੀ।

ਨਵੀਂ ਮੈਟਰਨ ਆ ਗਈ, ਪਰ ਇਹਦਾ ਦਿਲ ਪੁਰਾਣਾ ਸੀ। ਪੁਰਾਣੇ ਦਿਲ ਵਾਲੇ ਜਦੋਂ ਕੋਈ ਨਵਾਂ ਚਾਰਜ ਲੈਂਦੇ ਹਨ, ਤਾਂ ਕਈ ਵਾਰੀ ਵੇਖਿਆ ਗਿਆ ਹੈ, ਉਹ ਬਿਨਾਂ ਕਾਰਨ ਹੀ ਉਨ੍ਹਾਂ ਮਾਤਹਿਤਾਂ ਦੇ ਵਿਰੁਧ ਹੋ ਜਾਂਦੇ ਹਨ, ਜਿਨ੍ਹਾਂ ਨੂੰ ਉਨ੍ਹਾਂ ਤੇ ਪਹਿਲਾ ਓਹਦੇਦਾਰ ਚੰਗਾ ਸਮਝਦਾ ਰਿਹਾ ਹੁੰਦਾ

ਹੈ। ਗਲ ਕੀ, ਜੋ ਕੁਝ ਪਹਿਲੇ ਔਹਦੇਦਾਰ ਨੇ ਬਣਾਇਆ ਹੁੰਦਾ ਹੈ, ਉਸ ਨੂੰ ਢਾਹ ਕੇ ਆਪਣੀ ਉਸਾਰੀ ਛੁਹਦੇ ਹਨ।

ਅਸੰਤੁਸ਼ਟ ਨਰਸਾਂ ਦੀ ਸੁਣੀ ਗਈ। ਪ੍ਰਭਾ ਨਵੀਂ ਮੈਟਰਨ ਦੀ ਪ੍ਰਸੰਸਾ ਨਾ ਪ੍ਰਾਪਤ ਕਰ ਸਕੀ। ਇਕ ਦੋ ਸ਼ਿਕਾਇਤਾਂ ਦਾ ਜਵਾਬ ਉਹਨੂੰ ਰੋਜ਼ ਹੀ ਦੇਣਾ ਪੈਂਦਾ ਸੀ। ਅਸੰਤੁਸ਼ਟ ਮਾਤਹਿਤ ਦੇ ਕੋਲੋਂ ਕੰਮ ਲੈਣਾ ਬੜੀ ਬੇ-ਸੁਆਦੀ ਹੈ, ਪਰ ਨਾਰਾਜ਼ ਅਫਸਰ ਹੇਠਾਂ ਕੰਮ ਕਰਨਾ ਪੂਰਾ ਨਰਕ ਹੈ।

ਪ੍ਰਭਾ ਚਾਹੁਣ ਲਗ ਪਈ ਕਿ ਹਸਪਤਾਲ ਛਡ ਜਾਏ, ਪਰ ਉਹਦਾ ਕਾਕਾ ਅਜੇ ਛੋਟਾ ਸੀ, ਮਸਾਂ ਪਹਿਲੀ ਵਰ੍ਹੇ ਗੰਢ ਹੀ ਉਹਦੀ ਉਸ ਮਨਾਈ ਸੀ। ਉਹ ਚਾਂਹਦੀ ਸੀ ਕਿ ਥੋੜਾ ਜਿਨਾਂ ਹਥਾਂ ਪੈਰਾਂ ਉੱਤੇ ਹੋ ਜਾਏ। ਇਸ ਲਈ ਉਹ ਸਭ ਔਕੜਾਂ ਸਹਾਰ ਕੇ ਥੋੜੇ ਦਿਨ ਹੋਰ ਕਟਨਾ ਚਾਹੁੰਦੀ ਸੀ। ਜਦੋਂ ਮੈਟਰਨ ਨੇ ਉਹਨੂੰ ਵਡੀ ਤੋਂ ਛੋਟੀ ਨਰਸ ਬਣਾ ਦਿੱਤਾ, ਤਦ ਵੀ ਉਸ ਨੇ ਮੰਦਾ ਨਾ ਸਮਝਿਆ। ਛੋਟਿਆਂ ਹੋਣਾ ਤੇ ਉਹ ਆਪ ਵੀ ਚਾਹੁੰਦੀ ਸੀ। ਪਰ ਛੋਟਿਆਂ ਹੋਣ ਨਾਲ ਵੀ ਬਣ ਚੁਕੀ ਈਰਖਾ ਦਾ ਅੰਤ ਨਾ ਹੋ ਸਕਿਆ। ਪ੍ਰਭਾ ਦੀ ਚੰਗਿਆਈ ਵੀ ਈਰਖਾ ਜਗਾਂਦੀ ਸੀ।

ਇਕ ਦਿਨ ਮੈਟਰਨ ਨੇ ਪ੍ਰਭਾ ਨੂੰ ਬੁਲਾ ਕੇ ਆਖਿਆ:

"ਮੈਨੂੰ ਪਤਾ ਲਗਾ ਹੈ, ਕਿ ਤੁਸੀ ਈਸਾਈ ਨਹੀਂ ਹੋ।"

"ਹਾਂ ਜੀ ਮੈਂ ਬਪਤਿਸਮਾ ਤੇ ਨਹੀਂ ਲਿਆ।" ਪ੍ਰਭਾ ਨੇ ਉੱਤਰ ਦਿੱਤਾ।

"ਤੇ ਤੁਸੀ ਕਦੋਂ ਲਵੋਗੇ?" ਮੈਟਰਨ ਨੇ ਪੁੱਛਿਆ।

"ਮੈਂ ਅਜੇ ਫ਼ੈਸਲਾ ਨਹੀਂ ਕਰ ਸਕੀ" ਪ੍ਰਭਾ ਨੇ ਉੱਤਰ ਦਿੱਤਾ।

"ਤੁਹਾਨੂੰ ਹੁਣ ਛੇਤੀ ਹੀ ਆਪਣਾ ਮਨ ਬਣਾਣਾ ਹੋਵੇਗਾ" ਮੈਟਰਨ ਨੇ ਆਖਿਆ।

"ਪਿਛਲੀ ਮੈਟਰਨ ਸਾਹਿਬ ਨੇ ਆਖਿਆ ਸੀ, ਕਿ ਮਜ਼ਬ ਤਬਦੀਲ ਕਰਨਾ ਮੇਰੇ ਲਈ ਲਾਜ਼ਮੀ ਨਹੀਂ ਹੋਵੇਗਾ।"

"ਇਹ ਰਾਇ ਉਨ੍ਹਾਂ ਦੀ ਸੀ – ਹੁਣ ਮੈਂ ਮੈਟਰਨ ਹਾਂ – ਮੈਂ ਕਿਸੇ ਹੋਰ

ਈਸਾਈ ਨੂੰ ਈਸਾਈ ਉੱਤੇ ਤਰਜੀਹ ਨਹੀ ਦੇ ਸਕਦੀ। ਇਕ ਚੰਗੀ ਈਸਾਈ ਔਹਦੇ ਤੋਂ ਵੰਚਿਤ ਹੈ, ਕਿਉਂਕਿ ਇਕ ਗ਼ੈਰ ਈਸਾਈ ਉਸ ਦੇ ਹੱਕ ਨੂੰ ਮੱਲੀ ਬੈਠੀ ਹੈ – ਤੁਹਾਨੂੰ ਇਕ ਹਫ਼ਤੇ ਦੇ ਅੰਦਰ ਅੰਦਰ ਫ਼ੈਸਲਾ ਕਰਨਾ ਹੋਵੇਗਾ –" ਮੇਮ ਨੇ ਹੁਕਮੀ ਲਹਿਜੇ ਵਿਚ ਆਖਿਆ।

ਹਫ਼ਤਾ ਗੁਜ਼ਰ ਗਿਆ, ਪ੍ਰਭਾ ਨੇ ਫ਼ੈਸਲਾ ਕਰ ਲਿਆ ਭਾਵੇਂ ਉਹਦਾ ਯਕੀਨ ਸੀ ਕਿ ਮਜ਼੍ਹਬੀ ਹਿੰਦੂ, ਮਜ਼੍ਹਬੀ ਸਿੱਖਾਂ ਜਾਂ ਮਜ਼੍ਹਬੀ ਈਸਾਈਆਂ ਨਾਲੋਂ ਰਤਾ ਵੀ ਚੰਗੇ ਨਹੀਂ, ਤੇ ਈਸਾਈ ਭਾਈਚਾਰੇ ਵਿਚ ਹਿੰਦੂ ਜਾਂ ਸਿਖ ਭਾਈਚਾਰੇ ਨਾਲੋਂ ਵਧੇਰੇ ਸੁਤੰਤ੍ਰਤਾ ਹੈ, ਆਪਾ ਪ੍ਰਗਟਾਉਣ ਦੇ ਬਹੁਤੇ ਮੌਕੇ ਹਨ, ਪਰ ਰਸਮੀ ਬਪਤਿਸਮਾ ਉਹਦੀਆਂ ਨਜ਼ਰਾਂ ਵਿਚ ਓੜਾ ਹੀ ਅਪ੍ਰਵਾਨ ਸੀ ਜਿੜਾ ਸ਼ੁਧੀ ਤੇ ਅੰਮ੍ਰਿਤ। ਉਹ ਜਾਣਦੀ ਸੀ ਕਿ ਜੋ ਪਨਾਹ ਮਿਸ਼ਨ ਦੇ ਭਾਈਚਾਰੇ ਵਿਚ ਉਹਨੂੰ ਮਿਲ ਸਕੀ ਸੀ, ਉਹ ਆਪਣੇ ਭਾਈ-ਚਾਰੇ ਵਿਚ ਨਹੀਂ ਮਿਲ ਸਕੇਗੀ। ਉਨ੍ਹਾਂ ਕੋਝੀਆਂ ਹਾਲਤਾਂ ਦਾ ਉਹਨੂੰ ਪੂਰਾ ਸਹਿਮ ਸੀ, ਜਿਨ੍ਹਾਂ ਵਿਚ ਉਹਦੀ ਸੁੰਦਰਤਾ ਤੇ ਜਵਾਨੀ, ਤੇ ਆਪਣੇ ਭਾਈ-ਚਾਰੇ ਦੀ ਸਾਊ ਬਦ-ਅਖ਼ਲਾਕੀ ਉਹਨੂੰ ਪਾ ਸਕਦੇ ਸਨ।

ਪਰ ਪ੍ਰਭਾ ਚੰਗੀ ਗੋਈ ਹੋਈ ਮਿੱਟੀ ਦੀ ਬਣੀ ਸੀ। ਮੈਟਰਨ ਨੂੰ ਆਪਣਾ ਫ਼ੈਸਲਾ ਸੁਣਾ ਦਿੱਤਾ, ਤੇ ਮਿਸ਼ਨ ਵਿਚੋਂ ਨਿਕਲ ਆਈ।

In this story a nice writer of Punjabi, Gurbachan Singh, Love breathing best to relate us that what is true love and how we must face the difficulties. Jasbir ... / Pratibha
May God bless the writer

ਦਿੱਲੀ ਵਿਚ, ਜਿਨ੍ਹਾਂ ਦੀ ਪ੍ਰਭਾ ਵਾਕਫ ਸੀ, ਉਹ ਉਹਨੂੰ ਈਸਾਈ ਸਮਝਦੇ ਸਨ। ਇਸ ਲਈ ਉਥੇ ਉਹਨੂੰ ਕੰਮ ਮਿਲਣ ਦੀ ਆਸ ਬਹੁਤ ਘੱਟ ਸੀ। ਡੇਢ ਪੌਣੇ ਦੋ ਵਰ੍ਹੇ ਵਿਚ ਉਸ ਨੇ ਪੰਜਾਬੀ ਬੋਲਣੀ ਸਿਖ ਲਈ ਸੀ। ਮਿਸ਼ਨ ਵਿਚ ਉਹਦੀਆਂ ਲੋੜਾਂ ਸਭ ਪੂਰੀਆਂ ਹੁੰਦੀਆਂ ਸਨ, ਨਕਦ ਤਨਖ਼ਾਹ ਬਹੁਤੀ ਨਹੀਂ ਸੀ ਮਿਲਦੀ। ਤਾਂ ਵੀ ਦੋ ਸੌ ਰੁਪਈਆ ਉਹਦਾ ਆਪਣਾ ਹੈ ਸੀ। ਪਿਛਾਂਹ ਮੁੜਨਾ ਚੰਗਾ ਨਾ ਸਮਝਿਆ। ਪੰਜਾਬ ਦੇ ਹੋਰ ਅੰਦਰ ਵੜਨ ਦਾ ਨਿਰਨਾ ਕੀਤਾ। ਲਾਹੌਰ ਦੀ ਟਿਕਟ ਲੈ ਲਈ।

ਲਾਹੌਰ ਪਹੁੰਚ ਕੇ ਕਿਸੇ ਥਾਂ ਉਤਰਨ ਦਾ ਸਵਾਲ ਬੜਾ ਮੁਸ਼ਕਲ ਜਾਪਿਆ। ਧਾਰਮਕ ਥਾਈਂ ਜਾਣੋਂ ਤੇ ਉਸ ਕੰਨਾਂ ਨੂੰ ਹਥ ਲਾ ਲਿਆ ਸੀ। ਉਹ ਇਕ ਚੰਗੇ ਪ੍ਰਸਿਧ ਹਿੰਦੂ ਹੋਟਲ ਵਿਚ ਜਾ ਕੇ ਉਤਰੀ। ਪਰ ਦੋ ਦਿਨਾਂ ਵਿਚ ਹੀ ਬੇ ਆਰਾਮ ਹੋ ਗਈ। ਲਾਹੌਰੀਆਂ ਦੀਆਂ ਅੱਖਾਂ ਤਾਂ ਗੁਸਤਾਖ਼ੀ ਵਿਚ ਸਭ ਨੂੰ ਮਾਤ ਕਰਦੀਆਂ ਜਾਪੀਆਂ। ਨੌਕਰੀ ਦੀ ਢੂੰਡ ਉਸ ਕੀਤੀ, ਪਰ ਨਰਸ ਦਾ ਕੰਮ ਮਿਸ਼ਨ ਜਾਂ ਸਰਕਾਰੀ ਹਸਪਤਾਲਾਂ ਵਿਚ ਹੀ

ਮਿਲ ਸਕਦਾ ਸੀ। ਮਿਸ਼ਨ ਵਿਚ ਵੀ ਸਿਫ਼ਾਰਸ਼ਾਂ ਦੀ ਲੋੜ ਸੀ। ਨਰਸ ਹੋਣ ਦਾ ਉਸ ਖ਼ਿਆਲ ਹੀ ਛੱਡ ਦਿੱਤਾ। ਸੋਚਿਆ ਕਿਸੇ ਸਕੂਲ ਵਿਚ ਅਧਿਆਪਕਾ ਦੀ ਨੌਕਰੀ ਢੂੰਡੇਗੀ, ਪਰ ਹੋਟਲ ਵਿਚ ਉਹਦਾ ਰਹਿਣਾ ਦਿਨੋ ਦਿਨ ਔਖਾ ਹੁੰਦਾ ਜਾਂਦਾ ਸੀ, ਹੋਟਲ ਦੇ ਸਾਰੇ ਸਟਾਫ਼ ਦੇ ਮੂੰਹ ਵਿਚ ਕਈ ਤਰ੍ਹਾਂ ਦੀਆਂ ਕਹਾਣੀਆਂ ਸਨ। ਸੁਣ ਸੁਣਾ ਕੇ ਕਈ ਕਾਲਜ ਦੇ ਮੁੰਡੇ ਵੇਖਣ ਲਈ ਆਉਣ ਲਗ ਪਏ। ਪ੍ਰਭਾ ਜ਼ਿਚ ਹੋ ਗਈ। ਹਿਸਾਬ ਚੁਕਾ ਕੇ ਇਕ ਅੰਗਰੇਜ਼ੀ ਹੋਟਲ ਵਿਚ ਚਲੀ ਗਈ। ਉਥੇ ਬਹੁਤਾ ਚਿਰ ਰਹਿਣ ਜੋਗੀ ਮਾਇਆ ਤੇ ਭਾਵੇਂ ਨਹੀਂ ਸੀ, ਪਰ ਅਕਲ ਤੇ ਤਹਿਜ਼ੀਬ ਕਾਫ਼ੀ ਸਨ। ਕਿਸੇ ਨੇ ਕੋਈ ਗੁਸਤਾਖ਼ ਸਵਾਲ ਨਾ ਪੁੱਛਿਆ, ਕਿਸੇ ਨੇ ਮੂੰਹ ਉੱਤੇ ਟਿਕ-ਟਿਕੀ ਨਾ ਬੱਧੀ, ਪੂਰਨ ਸਤਿਕਾਰ ਨਾਲ ਕਲਰਕ ਨੇ ਲੋੜੀਂਦੀ ਇਤਲਾਹ ਦਿੱਤੀ ਤੇ ਮੇਡ (ਬਾਂਦੀ) ਨੇ ਕਮਰੇ ਵਿਚ ਸਥਾਪਨ ਕਰਾਇਆ। ਚਿਤਰੰਜਨ ਨੂੰ ਸੰਭਾਲਿਆ। ਪ੍ਰਭਾ ਆਪਣੇ ਬੱਚੇ ਨੂੰ ਚਿਤਰੰਜਨ ਹੀ ਬੁਲਾਇਆ ਕਰਦੀ ਸੀ ਤੇ ਉਹਦੇ ਪਿਤਾ ਦਾ ਨਾਂ ਦਾਸ ਗੁਪਤਾ ਦਸਦੀ ਸੀ, ਇਹ ਉਹਦਾ ਪ੍ਰਵਾਰਕ ਨਾਮ ਸੀ।

ਕਈ ਹਿੰਦੂ ਸਕੂਲਾਂ ਵਿਚ ਗਈ। ਪਰ ਕੰਮ ਕਿਤੇ ਬਣਦਾ ਨਾ ਦਿੱਸਿਆ। ਜਿਥੇ ਜਿਥੇ ਪ੍ਰਬੰਧ ਹੈਡ-ਉਸਤਾਦਨੀਆਂ ਦੇ ਹਥ ਵਿਚ ਸੀ, ਉਥੋਂ ਉਹਨੂੰ ਸੁੱਕਾ ਜਵਾਬ ਮਿਲਿਆ। ਸਭ ਨੇ ਆਖਿਆ ਉਹ ਟਰੇਂਡ ਹੁੰਦੀ ਤਾਂ ਲੈ ਲੈਂਦੇ। ਪ੍ਰਭਾ ਨੂੰ ਏਸ ਗੱਲ ਦੀ ਸਮਝ ਨਾ ਆਈ ਕਿ ਇਸ-ਤ੍ਰੀਆਂ ਉਹਦੇ ਨਾਲ ਕਿਉਂ ਏਡੀਆਂ ਰੁੱਖੀਆਂ ਬੋਲਦੀਆਂ ਸਨ। ਏਨੀ ਉਮਰ ਵਿਚ ਉਹਨੂੰ ਏਸ ਗੱਲ ਦਾ ਗਿਆਨ ਕੀ ਹੋ ਸਕਦਾ ਸੀ ਕਿ ਅਧਖੜ ਇਸਤ੍ਰੀਆਂ ਕਦੇ ਵੀ ਕਿਸੇ ਜਵਾਨ ਤੇ ਓਦੂੰ ਵੀ ਵਧ ਕਿਸੇ ਸੁੰਦਰ-ਮੁਖ ਇਸਤ੍ਰੀ ਨੂੰ ਆਪਣੇ ਨੇੜੇ ਰਖਣਾ ਪਸੰਦ ਨਹੀਂ ਕਰਦੀਆਂ।

ਹੋਰਨਾਂ ਫ਼ਿਰਕਿਆਂ ਦੇ ਸਕੂਲਾਂ ਵਿਚ ਕੋਸ਼ਸ਼ ਦਾ ਖ਼ਿਆਲ ਕੀਤਾ। ਥੋਹੜੀ ਗਿਣਤੀ ਵਾਲੇ ਫ਼ਿਰਕਿਆਂ ਵਿਚ ਅਜੇ ਏਨੀ ਵਿਦਿਆ ਨਾ ਹੋਣ ਕਰ ਕੇ ਕਈ ਕੁੜੀਆਂ ਦੇ ਸਕੂਲਾਂ ਦੇ ਹੈਡ ਮਾਸਟਰ ਮਰਦ ਸਨ। ਇਨ੍ਹਾਂ

ਸਕੂਲਾਂ ਵਿਚ ਉਹਦਾ ਆਦਰ ਚੰਗਾ ਜਾਪਦਾ ਸੀ। ਹੈਡ ਮਾਸਟਰ ਉਹਦੇ ਨਾਲ ਬੜੀ ਚੰਗੀ ਤਰ੍ਹਾਂ ਗਲ ਬਾਤ ਕਰਦੇ ਸਨ। ਪਰ ਉਨ੍ਹਾਂ ਦੀਆਂ "ਅੱਖਾਂ" ਦਾ ਦੁਖ ਬੜਾ ਅਸਹਿ ਜਾਪਦਾ ਸੀ। ਪ੍ਰਭਾ ਦਾ ਮਨ ਕਿਤੇ ਨਾ ਮੰਨਿਆਂ।

ਉਧਰ ਹੋਟਲ ਦਾ ਖ਼ਰਚ ਬਹੁਤਾ ਹੋਣ ਕਰ ਕੇ ਬੈਂਕ ਦਾ ਹਿਸਾਬ ਤਿੰਨਾਂ ਹਿੰਦਸਿਆਂ ਤੋਂ ਦੋਂਹ ਵਿਚ ਆ ਗਿਆ। ਇਹ ਚਿੰਤਾ ਵੀ ਘਟ ਨਹੀਂ ਸੀ, ਚਿਤਰੰਜਨ ਦੀਆਂ ਲੋੜਾਂ ਘਟਾਣ ਲਈ ਉਹ ਕਦੇ ਤਿਆਰ ਨਹੀਂ ਸੀ, ਓੜਕ ਇਕ ਸਕੂਲ ਵਿਚ ਨੌਕਰੀ ਪਰਵਾਨ ਕਰ ਹੀ ਲਈ। ਏਸ ਸਕੂਲ ਦੇ ਹੈਡ ਮਾਸਟਰ ਟੱਬਰਦਾਰ ਤੇ ਧੀਆਂ ਭੈਣਾਂ ਵਾਲੇ ਚੰਗੇ ਹਮਦਰਦ ਮਨੁੱਖ ਸਨ।

ਪ੍ਰਭਾ ਦੀ ਤਿਖੀ ਬੁਧ, ਮਿਹਨਤੀ ਆਦਤਾਂ ਤੇ ਚੰਗੇ ਸੁਭਾ ਨੇ ਏਥੇ ਵੀ ਨਾਮ ਪੈਦਾ ਕਰ ਲਿਆ। ਕੁੜੀਆਂ ਦੀ ਪਿਆਰੀ, ਹੈਡ ਮਾਸਟਰ ਦੀ ਸਹਾ-ਇਕ ਤੇ ਸਕੂਲ ਦਾ ਸ਼ਿੰਗਾਰ ਬਣ ਗਈ।

ਪਰ ਧਾਰਮਕ ਸਕੂਲਾਂ ਦਾ ਖ਼ਸਮ ਇਕੋ ਨਹੀਂ ਹੁੰਦਾ। ਸਕੱਤਰ, ਪ੍ਰਧਾਨ। ਕਮੇਟੀ ਦੇ ਮੈਂਬਰ ਤੇ ਸਭ ਚੰਦੇ ਦੇਣ ਵਾਲੇ ਰਖਣ ਕਢਣ ਦੇ ਹੱਕ ਰਖਦੇ ਹਨ, ਏਸ ਸਕੂਲ ਨਾਲ ਸੰਬੰਧ ਰਖਣ ਵਾਲਾ ਹਰ ਕੋਈ ਸਕੂਲ ਦੇ ਸਟਾਫ਼ ਨੂੰ ਆਪਣੇ ਘਰ ਦਾ ਸਟਾਫ਼ ਸਮਝਦਾ ਹੈ।

ਸਕੂਲ ਦੇ ਪ੍ਰਧਾਨ ਇਕ ਧਾਰਮਕ ਸ਼ੁਹਰਤ ਰਖਣ ਵਾਲੇ ਪ੍ਰਸਿਧ ਗਿਆਨਵਾਨ ਸਨ। ਇਨ੍ਹਾਂ ਦੀਆਂ ਗੱਲਾਂ ਕਈਆਂ ਉਸਤਾਦਨੀਆਂ ਨਾਲ ਉੱਡੀਆਂ ਸਨ, ਪਰ ਧਰਮ ਨੇਮ ਵਿਚ ਪੂਰੇ ਤੇ ਚੰਗੇ ਲੈਕਚਰਾਰ ਹੋਣ ਕਰ ਕੇ ਇਨ੍ਹਾਂ ਦੀਆਂ ਰਿਝਦੀਆਂ ਉਤੋਂ ਕੋਈ ਚਪਨੀ ਨਹੀਂ ਸੀ ਲਾਂਹਦਾ। ਇਕ ਉਸਤਾਨੀ ਇਨ੍ਹਾਂ ਦੇ ਬੱਚਿਆਂ ਨੂੰ ਘਰ ਪੜ੍ਹਾਨ ਲਈ ਜ਼ਰੂਰ ਆਇਆ ਕਰਦੀ ਸੀ। ਇਨ੍ਹਾਂ ਨੇ ਪ੍ਰਭਾ ਨੂੰ ਵੇਖ ਕੇ ਕਈ ਵਾਰੀ ਆਪਣੀ ਉਸਤਾਨੀ ਬਦਲਣ ਦਾ ਖ਼ਿਆਲ ਕੀਤਾ ਸੀ, ਪਰ ਕੁਝ ਪ੍ਰਾਈਵੇਟ ਕਾਰਨਾਂ ਕਰ ਕੇ ਪੁਰਾਣੀ ਉਸਤਾਨੀ ਏਡੀ ਸੁਖਾਲੀ ਤਰ੍ਹਾਂ ਬਦਲੀ ਨਹੀਂ ਸੀ ਜਾ ਸਕਦੀ।

ਇਮਤਿਹਾਨ ਹੋਏ। ਏਸ ਉਸਤਾਨੀ ਦੇ ਨਤੀਜੇ ਚੰਗੇ ਨਾ ਨਿਕਲੇ, ਤੇ ਨਾ ਪ੍ਰਧਾਨ ਹੋਰਾਂ ਦੇ ਬੱਚੇ ਹੀ ਪਾਸ ਹੋਏ। ਕਸੂਰ ਭਾਵੇਂ ਪ੍ਰਧਾਨ ਹੋਰਾਂ ਦਾ ਹੀ ਸੀ, ਜਿਨ੍ਹਾਂ ਏਸ ਉਸਤਾਨੀ ਕੋਲ ਬੱਚਿਆਂ ਨੂੰ ਪੜ੍ਹਾਉਣ ਜੋਗਾ ਸਮਾਂ ਕਦੇ ਛਡਿਆ ਹੀ ਨਹੀਂ ਸੀ, ਪਰ ਬਹਾਨਾ ਚੰਗਾ ਮਿਲ ਗਿਆ। ਉਹਨੂੰ ਜਵਾਬ ਦੇ ਦਿਤਾ – ਉਸ ਭੰਡੀ ਦਾ ਡਰਾਵਾ ਦਿੱਤਾ, ਪਰ ਪ੍ਰਧਾਨ ਸਾਹਿਬ ਦੀ ਸ਼ੁਹਰਤ ਧਰਮ ਨੇਮ ਦੇ ਪੱਕੇ ਪੈਰਾਂ ਉਤੇ ਖੜੀ ਸੀ, ਏਸ ਲਈ ਭੰਡੀ ਦਾ ਨੁਕਸਾਨ ਵੀ ਉਸਤਾਨੀ ਨੂੰ ਹੀ ਪਹੁੰਚਾ।

ਹੁਣ ਪ੍ਰਭਾ ਨੂੰ ਹੁਕਮ ਹੋਇਆ ਕਿ ਉਹ ਪ੍ਰਧਾਨ ਸਾਹਿਬ ਦੇ ਬੱਚਿਆਂ ਨੂੰ ਪੜ੍ਹਾਇਆ ਕਰੇ। ਪ੍ਰਭਾ ਨੇ ਆਪਣੇ ਹਿਤੂ ਹੈਡ ਮਾਸਟਰ ਨਾਲ ਸਲਾਹ ਕੀਤੀ। ਪ੍ਰਭਾ ਐਸ. ਏ. ਵੀ. ਦੀ ਤਿਆਰੀ ਕਰ ਰਹੀ ਸੀ। ਇਮਤਿਹਾਨ ਵਿਚ ਥੋੜਾ ਸਮਾ ਬਾਕੀ ਸੀ। ਪ੍ਰਧਾਨ ਬੜਾ ਸ਼ੁਤਰ-ਕੀਨਾ ਆਦਮੀ ਸੀ। ਜੇ ਸਕੂਲੋਂ ਜਵਾਬ ਵੀ ਦੇ ਦੇਵੇ ਤਾਂ ਵਡੀ ਗਲ ਨਹੀਂ, ਉਹਦੇ ਚੰਗੇ ਨਤੀਜਿਆਂ ਦੀ ਕਿਸੇ ਪਰਵਾਹ ਨਹੀਂ ਕਰਨੀ। ਓੜਕ ਹੈਡ ਮਾਸਟਰ ਨੇ ਇਹੀ ਸਲਾਹ ਦਿਤੀ ਕਿ ਐਸ. ਏ. ਵੀ. ਦੇ ਇਮਤਿਹਾਨ ਤਕ ਗੁਜ਼ਾਰਾ ਕਰ ਵੇਖੇ।

ਪ੍ਰਭਾ ਪਰਧਾਨ ਦੇ ਬੱਚਿਆਂ ਨੂੰ ਪੜ੍ਹਾਨ ਲਗ ਪਈ। ਪਰ ਪੰਦਰਾਂ ਦਿਨਾਂ ਦੇ ਅੰਦਰ ਹੀ ਉਹਨੂੰ ਪਤਾ ਲਗ ਗਿਆ, ਕਿ ਜਿਹੜੀਆਂ ਸ਼ਰਤਾਂ ਉਤੇ ਇਕ ਜਵਾਨ ਅਧਿਆਪਕਾ ਉਸ ਸਕੂਲ ਵਿਚ ਰਖੀ ਜਾ ਸਕਦੀ ਹੈ, ਉਹ ਉਹਦੇ ਕੋਲੋਂ ਪੂਰੀਆਂ ਨਹੀਂ ਕੀਤੀਆਂ ਜਾ ਸਕਣੀਆਂ। ਪਰ ਉਹ ਏਸ ਨਿਰਾਸਾ ਵਿਚੋਂ ਵੀ ਕਿਸੇ ਚੰਗੀ ਹੋਣੀ ਦੀ ਆਸ ਕਰਦੀ ਰਹੀ।

ਦਿਨੋ ਦਿਨ ਪਰਧਾਨ ਸਾਹਿਬ ਬਹੁਤਾ ਬੱਚਿਆਂ ਦੇ ਕਮਰੇ ਵਿਚ ਆਉਣ ਲਗ ਪਏ। ਬੱਚੇ ਪ੍ਰਭਾ ਕੋਲੋਂ ਏਨੇ ਸਵਾਲ ਨਹੀਂ ਸਨ ਪੁਛਦੇ ਜਿੰਨੇ ਉਹ ਪੁੱਛਣ ਲਗ ਪਏ। ਸਕੂਲ ਦਾ ਮੁਲਾਹਜ਼ਾ ਵੀ ਉਨ੍ਹਾਂ ਹਫ਼ਤੇ ਵਿਚ ਦੋ ਵਾਰੀ ਕਰ ਦਿੱਤਾ, ਤੇ ਪ੍ਰਭਾ ਦੀ ਜਮਾਤ ਨਾਲ ਉਹਨਾਂ ਦੀ ਖ਼ਾਸ ਦਿਲਚਸਪੀ ਜਾਪਦੀ ਸੀ।

ਪ੍ਰਭਾ ਨਾਲ ਉਹਨਾਂ ਨੇ ਨਿੱਕੀਆਂ ਨਿੱਕੀਆਂ ਖੁਲ੍ਹਾਂ ਲੈਣੀਆਂ ਸ਼ੁਰੂ ਕਰ

ਦਿੱਤੀਆਂ। ਪਰ ਪ੍ਰਭਾ ਪੰਜਾਬੀਆਂ ਨਾਲੋਂ ਵਧੇਰੇ ਖੁਲ੍ਹੀ ਸਭਿਅਤਾ ਵਿਚੋਂ ਆਈ ਸੀ, ਇਸ ਲਈ ਉਸ ਨੇ ਇਨ੍ਹਾਂ ਖੁਲ੍ਹਾਂ ਦੀ ਪਰਵਾਹ ਨਾ ਕੀਤੀ, ਤੇ ਗੁਜ਼ਾਰਾ ਕਰਦੀ ਚਲੀ ਗਈ। ਉਹ ਚਾਂਹਦੀ ਸੀ ਕਿ ਕਿਸੇ ਤਰ੍ਹਾਂ ਇਮਤਿ-ਹਾਨ ਤਕ ਵੇਲਾ ਟਪ ਜਾਏ।

ਪਰ ਪ੍ਰਭਾ ਦੇ ਸਡੌਲ ਸਰੀਰ ਦੀ ਕਾਤਰ ਵੇਤਰ, ਨਕਸ਼ਾਂ ਦੀ ਬਰੀਕੀ, ਬੋਲ ਦੀ ਮਧੁਰਤਾ, ਪ੍ਰਭਾਵ ਦੀ ਸੁਤੰਤ੍ਰਤਾ, ਬੁਧੀ ਦੀ ਤੀਖਨਤਾ, ਚਾਲ ਦੀ ਤਾਲ, ਵਤੀਰੇ ਦੀ ਆਸਾਨੀ ਨੇ ਪਰਧਾਨ ਸਾਹਿਬ ਦੀਆਂ ਬੇ-ਕਾਬੂ ਖ਼ਾਹਸ਼ਾਂ ਵਿਚ ਤੂਫ਼ਾਨ ਲੈ ਆਂਦਾ।

ਇਕ ਦਿਨ ਸੰਝ ਵੇਲੇ ਜਦੋਂ ਪ੍ਰਭਾ ਬੱਚਿਆਂ ਨੂੰ ਪੜ੍ਹਾਨ ਆਈ, ਤਾਂ ਬੱਚੇ ਕਮਰੇ ਵਿਚ ਕਿੰਨਾ ਚਿਰ ਨਾ ਆਏ। ਉਡੀਕ ਉਡੀਕ ਕੇ ਪ੍ਰਭਾ ਕਿਸੇ ਨੌਕਰ ਨੂੰ ਆਵਾਜ਼ ਮਾਰਨ ਲਗੀ ਸੀ, ਕਿ ਪਰਧਾਨ ਸਾਹਿਬ ਅੰਦਰ ਆ ਵੜੇ। ਪ੍ਰਭਾ ਨੇ ਬੱਚਿਆਂ ਬਾਬਤ ਪੁੱਛਿਆ।

"ਉਹ ਤੇ ਕਲ੍ਹ ਦੇ ਆਪਣੀ ਮਾਤਾ ਨਾਲ ਨਾਨਕੇ ਚਲੇ ਗਏ ਹਨ", ਪਰਧਾਨ ਨੇ ਮੁਸਕਰਾ ਕੇ ਉੱਤਰ ਦਿਤਾ।

"ਤਾਂ ਤੁਸਾਂ ਮੈਨੂੰ ਅਖਵਾ ਘੱਲਣਾ ਸੀ", ਪ੍ਰਭਾ ਨੇ ਗਿਲਾ ਕੀਤਾ।

"ਇਹ ਮੇਰੀ ਮਰਜ਼ੀ ਨਹੀਂ ਸੀ, ਕਿ ਤੁਸੀ ਆਉਂਦੇ ਨਾ", ਪਰਧਾਨ ਫੇਰ ਮੁਸਕਰਾਇਆ।

"ਪਰ ਮੇਰਾ ਵਕਤ ਬਚ ਜਾਂਦਾ — ਮੈਂ ਆਪਣੀ ਪੜ੍ਹਾਈ ਕਰ ਲੈਂਦੀ", ਪ੍ਰਭਾ ਨੇ ਆਪਣਾ ਬੈਗ ਹਥ ਵਿਚ ਫੜ ਕੇ ਆਖਿਆ।

ਪਰਧਾਨ ਨੇ ਪ੍ਰਭਾ ਦੇ ਹਥੋਂ ਉਹਦਾ ਬੈਗ ਫੜ ਲਿਆ।

"ਉਹ ਜਾਣੇ ਜੇ ਬੱਚੇ ਏਥੇ ਨਹੀਂ, ਅਜ ਬੱਚਿਆਂ ਦੇ ਪਿਉ ਨੂੰ ਹੀ ਪੜ੍ਹਾ ਦੇਣਾ", ਪਰਧਾਨ ਦੀਆਂ ਅੱਖਾਂ ਵਿਚੋਂ ਕਿਸੇ ਗੌਂਦ ਦਾ ਲਿਸ਼ਕਾਰਾ ਪੈਂਦਾ ਸੀ।

ਪ੍ਰਭਾ ਨੂੰ ਸ਼ਕ ਪੈ ਗਿਆ, ਕਿ ਸ਼ਾਇਦ ਜਾਣ ਕੇ ਹੀ ਉਸ ਨੇ ਆਪਣੇ ਪਰਵਾਰ ਨੂੰ ਪੇਕੇ ਭੇਜ ਦਿੱਤਾ ਹੋਵੇ।

"ਉਹ ਕਦੋਂ ਵਾਪਸ ਆਉਣਗੇ ?" ਪ੍ਰਭਾ ਨੇ ਪੁੱਛਿਆ।

"ਮੈਂ ਕਹਿ ਨਹੀਂ ਸਕਦਾ", ਪਰਧਾਨ ਨੇ ਉੱਤਰ ਦਿੱਤਾ।

"ਜਦੋਂ ਆਉਣ ਮੈਨੂੰ ਸੁਨੇਹਾ ਘੱਲ ਦੇਣਾ ।" ਪ੍ਰਭਾ ਆਪਣੇ ਬੈਗ ਬਿਨਾਂ ਹੀ ਤੁਰ ਪਈ। ਪਰਧਾਨ ਨੇ ਹਥ ਫੜ ਲਿਆ।

"ਬਹਿ ਜਾਉ।"

"ਨਹੀਂ ਮੈਂ ਜਾਣਾ ਚਾਹੁੰਦੀ ਹਾਂ" ਪ੍ਰਭਾ ਨੇ ਬਿਨਾਂ ਗੁੱਸੇ ਦੇ ਤਕੜਾਈ ਨਾਲ ਆਖਿਆ।

"ਕਿਉਂ – ਤੁਸੀ ਮੈਨੂੰ ਨਫਰਤ ਕਰਦੇ ਹੋ ?" ਪਰਧਾਨ ਨੇ ਘੂਰ ਕੇ ਆਖਿਆ।

"ਬਿਲਕੁਲ ਨਹੀਂ – ਪਰ ਮੈਂ ਏਥੇ ਠਹਿਰਨਾ ਨਹੀਂ ਚਾਹੁੰਦੀ", ਪ੍ਰਭਾ ਨੇ ਉੱਤਰ ਦਿੱਤਾ।

"ਤੁਹਾਨੂੰ ਠਹਿਰਨਾ ਪਵੇਗਾ", ਪਰਧਾਨ ਨੇ ਆਪਣੇ ਵਲੋਂ ਹੁਕਮ ਦਿੱਤਾ।

"ਮੈਂ ਠਹਿਰ ਨਹੀਂ ਸਕਦੀ", ਤੇ ਪ੍ਰਭਾ ਨੇ ਫੇਰ ਉਠ ਕੇ ਬੂਹੇ ਵਲ ਰੁਖ਼ ਕੀਤਾ।"

"ਤੁਸੀ ਹਰਗਿਜ਼ ਨਹੀਂ ਜਾ ਸਕਦੇ", ਤੇ ਪਰਧਾਨ ਨੇ ਫੇਰ ਬਾਂਹ ਫੜ ਕੇ ਉਹਨੂੰ ਅੰਦਰ ਲੈ ਆਂਦਾ। ਪ੍ਰਭਾ ਨੇ ਬਾਂਹ ਛੁੜਾਨ ਦਾ ਜਤਨ ਨਾ ਕੀਤਾ ਮੁੜ ਆਈ। ਪਰਧਾਨ ਨੇ ਬਾਂਹ ਛਡ ਦਿੱਤੀ।

"ਹੁਣ ਤੁਹਾਨੂੰ ਸਮਝ ਆ ਗਈ ਹੈ – ਮੈਂ ਕਿਸੇ ਨੂੰ ਆਪਣੀ ਗਲ ਮੋੜਨ ਨਹੀਂ ਦਿੱਤੀ – ਤੁਹਾਨੂੰ ਅਜ ਰਾਤ ਏਥੇ ਹੀ ਠਹਿਰਨਾ ਪਵੇਗਾ।" ਪਰਧਾਨ ਨੇ ਆਖਿਆ।

"ਮੈਂ ਹਰਗਿਜ਼ ਏਥੇ ਨਹੀਂ ਠਹਿਰ ਸਕਦੀ", ਪ੍ਰਭਾ ਫੇਰ ਬੂਹੇ ਵਲ ਤੁਰ ਪਈ। ਪਰਧਾਨ ਨੇ ਫੇਰ ਜਾ ਫੜੀ, ਪ੍ਰਭਾ ਨੇ ਫੇਰ ਵੀ ਛੁੜਾਨ ਦਾ ਜਤਨ ਨਾ ਕੀਤਾ ਤੇ ਮੁੜ ਆਈ।

"ਇਹ ਤੂੰ ਕੀ ਮਖੌਲ ਪਈ ਕਰਨੀ ਏਂ – ਤੂੰ ਏਥੋਂ ਨਹੀਂ ਜਾ

ਸਕਦੀ।" ਪਰਧਾਨ ਨੇ ਛਿੱਥੇ ਪੈ ਕੇ ਆਖਿਆ। ਤੇ ਹੱਥਾਂ ਨਾਲ ਇਕ ਦੋ ਗੁਸਤਾਖ਼ੀਆਂ ਕੀਤੀਆਂ। ਇਹਨਾਂ ਗੁਸਤਾਖ਼ੀਆਂ ਨਾਲ ਵੀ ਪ੍ਰਭਾ ਦਾ ਸਬਰ ਭਰਿਆ ਵਤੀਰਾ ਨਾ ਵਿਗੜਿਆ। ਉਸ ਨੇ ਰੱਤੀ ਭਰ ਪਰਵਾਹ ਨਾ ਕੀਤੀ ਕਿ ਉਹਦਾ ਹਥ ਕਿੱਥੇ ਲਗਾ ਹੈ – ਨਾ ਉਸ ਚੀਕ ਮਾਰੀ, ਨਾ ਉਹਦਾ ਹਥ ਪਰ੍ਹਾਂ ਸੁਟਿਆ। ਜੀਕਰ ਪੱਥਰ ਦਾ ਬੁੱਤ ਕਿਸੇ ਕਲਾ ਨਾਲ ਗੱਲਾਂ ਕਰਦਾ ਹੈ, ਪ੍ਰਭਾ ਨੇ ਆਖਿਆ :

"ਤੁਸੀ ਸੌ ਵਾਰੀ ਫੜ ਲਿਆਉ – ਮੈਂ ਸੌ ਵਾਰੀ ਮੁੜ ਆਵਾਂਗੀ – ਪਰ ਤੁਸੀ ਮੈਨੂੰ ਏਥੇ ਨਹੀਂ ਰਖ ਸਕਦੇ – ਤੁਸੀ ਮੇਰੇ ਸਰੀਰ ਉੱਤੇ ਮੈਲੀਆਂ ਨਜ਼ਰਾਂ ਸੁੱਟੋ, ਗੁਸਤਾਖ਼ ਹਥ ਮਾਰੋ, ਜਾਂ ਜ਼ਾਲਮਾਂ ਵਾਂਗ ਬਾਹਾਂ ਮਰੋੜੋ – ਮੈਂ ਕੁਝ ਨਹੀਂ ਆਖਣਾ – ਪਰ ਤੁਸੀ ਮੇਰੇ ਕੋਲੋਂ ਆਪਣੀ ਅਯੋਗ ਇੱਛਾ ਪੂਰੀ ਨਹੀਂ ਕਰਾ ਸਕਦੇ – ਮਕਾਨ ਤੁਹਾਡਾ, ਰਾਤ ਤੁਹਾਡੀ ਸਹਾਇਕ ਹੈ – ਮੈਂ ਅਬਲਾ ਹਾਂ – ਜੋ ਚਾਹੋ ਕਰ ਲਉ, ਬਾਹਾਂ ਭੰਨ ਸੁੱਟੋ, ਛਾਤੀ ਨੋਚ ਕੱਢੋ, ਗਲ੍ਹਾਂ ਤੋੜ ਖਾਉ – ਪਰ ਮੇਰੇ ਸਤਿ ਨੂੰ ਤੁਸੀ ਨਹੀਂ ਛੁਹ ਸਕਦੇ –"

"ਮੈਂ ਤੇਰੇ ਵਰਗੀਆਂ ਕਈਆਂ ਦੇ ਸਤ ਨਿਰੇ ਛੁਹੇ ਹੀ ਨਹੀਂ, ਭੰਨੇ ਹਨ, ਤੋੜੇ ਹਨ, ਨਪੀੜੇ ਹਨ –" ਪਰਧਾਨ ਨੇ ਆਪਣੀ ਮਲੇਛਤਾ ਦੇ ਪੂਰੇ ਅਭਿਮਾਨ ਵਿਚ ਪ੍ਰਭਾ ਨੂੰ ਨਪੀੜ ਕੇ ਆਖਿਆ।

"ਤੁਸਾਂ ਨਹੀਂ ਭੰਨੇ ਹੋਣੇ, ਉਹ ਵਿਚਾਰੀਆਂ ਕਸ਼ਟ ਨਹੀਂ ਝਲ ਸਕੀਆਂ ਹੋਣੀਆਂ, ਤੇ ਆਪੇ ਡਿਗ ਪਈਆਂ ਹੋਣਗੀਆਂ – ਪ੍ਰਭਾ ਮਰ ਸਕਦੀ ਹੈ – ਇਕ ਇਕ ਅੰਗ ਤੁੜਵਾ ਸਕਦੀ ਹੈ, ਮੇਰੀ ਜਿੰਦ ਭਾਈਚਾਰੇ ਦੇ ਜ਼ੁਲਮਾਂ ਦਾ ਇਮਤਿਹਾਨ ਕਰਨ ਲਈ ਬਣੀ ਹੈ – ਤੁਸੀ ਤੇ ਤੁਹਾਡਾ ਸਾਰਾ ਨਿਰਦਈ ਸਾਊ-ਪੁਣਾ ਲਾ ਲਵੇ ਜਿੰਨਾ ਜ਼ੋਰ ਲਾ ਸਕਦੇ ਹੋ – ਮੇਰੀ ਆਤਮਾ ਦੇ ਲੋਹੇ ਨਾਲ ਟਕਰਾ ਕੇ ਤੁਹਾਡੇ ਸਾਰੇ ਜ਼ੁਲਮਾਂ ਨੂੰ ਹਾਰ ਖਾਣੀ ਪਵੇਗੀ – ਆਹ ਖੜੋਤੀ ਹਾਂ, ਤੁਹਾਡੇ ਸਾਹਮਣੇ – ਮਾਰ ਲਉ ਟਕਰਾਂ ਜਿੰਨੀਆਂ ਮਾਰ ਸਕਦੇ ਹੋ – ਹਰੇਕ ਟੱਕਰ ਤੁਹਾਡੇ ਸਿਰ ਵਿਚ

ਰੋੜੇ ਉਭਾਰੇਗੀ।"

ਪ੍ਰਧਾਨ ਇਸ ਪਰਬਤੀ ਪਕਿਆਈ ਦੇ ਰੂ-ਬਰੂ ਲੜਖੜਾ ਗਿਆ। ਸਭ ਕਾਮ-ਮਸਤੀ ਅਲੋਪ ਹੋ ਗਈ, ਮੂੰਹ ਦਾ ਰੰਗ ਲਹਿ ਗਿਆ। ਖ਼ਾਬਾਂ ਸਭ ਉਡ ਗਈਆਂ।

ਪਰ ਬਦਲੇ ਦੀ ਖ਼ਾਹਸ਼ ਨੇ ਫੇਰ ਗਰਮਾਇਆ। ਨਵਾਂ ਜੋਸ਼ ਭੜਕਿਆ:

"ਵਾਹ ਰੀ – ਤੇਰੀ ਪਾਰਸਾਈ – ਜੀਕਰ ਮੈਂ ਕੁਝ ਜਾਣਦਾ ਹੀ ਨਹੀਂ ਹੁੰਦਾ – ਇਹ ਤੇਰਾ ਮੁੰਡਾ – ਇਹ ਤੇਰੀਆਂ ਹੈਡ ਮਾਸਟਰ ਨਾਲ ਗੂਹੜੀਆਂ – ਤੇਰਾ ਸਾਰਾ ਕੱਚਾ ਚਿੱਠਾ ਜੇ ਮੈਂ ਅਖਬਾਰਾਂ ਵਿਚ ਨਾ ਛਾਪਿਆ ਤਾਂ ਤੂੰ ਮੈਨੂੰ ਪਿਉ ਦਾ ਪੁੱਤਰ ਨਾ ਆਖੀਂ –"

"ਆਪ ਜੋ ਚਾਹੋ – ਕਰੋ – ਮੈਂ ਗਿਲਾ ਤਕ ਨਹੀਂ ਕਰਨਾ – ਕੀ ਹੁਣ ਮੈਂ ਜਾ ਸਕਦੀ ਹਾਂ ?" ਪ੍ਰਭਾ ਨੇ ਅਡੋਲ ਬੋਲ ਵਿਚ ਆਖਿਆ।

"ਪਰ ਜਾਣ ਤੋਂ ਪਹਿਲਾਂ ਆਪਣੀ ਕਿਸਮਤ ਸੁਣ ਜਾਹ – ਮੈਂ ਤੈਨੂੰ ਗਲੀਆਂ ਵਿਚ ਰੋਲਨਾ ਹੈ – ਅਜਿਹਾ ਭੰਡਾਂਗਾ ਕਿ ਕੋਈ ਸਕੂਲ ਤੇ ਕਿਤੇ ਰਿਹਾ, ਕੋਈ ਘਰ ਵੀ ਤੈਨੂੰ ਨਹੀਂ ਝੱਲੇਗਾ –"

ਪ੍ਰਧਾਨ ਦੇ ਬੁਲ੍ਹਾਂ ਤੋਂ ਝੱਗ ਡਿਗ ਰਹੀ ਸੀ।

ਪ੍ਰਭਾ ਚਲੀ ਗਈ। ਪ੍ਰਧਾਨ ਸਾਰੀ ਰਾਤ ਕਦੇ ਬਿਸਤਰੇ ਉੱਤੇ ਪੈਂਦਾ ਤੇ ਕਦੀ ਕਮਰੇ ਵਿਚ ਤੁਰਦਾ। ਉਹਦੀ ਸਾਰੀ ਆਤਮਾ, ਬਦਲੇ ਦੀ ਇਕ ਲਾਟ ਬਣੀ ਹੋਈ ਸੀ।

# ੯

ਪ੍ਰਭਾ ਨੂੰ ਸਕੂਲੋਂ ਕਢ ਦਿੱਤਾ ਗਿਆ। ਦਸਿਆ ਗਿਆ ਕਿ ਉਹਦਾ ਬੱਚਾ ਵਿਭਚਾਰ ਦਾ ਫਲ ਸੀ। ਕਈ ਊਜਾਂ ਹੋਰ ਵੀ ਲਾਈਆਂ। ਅਖ਼ਬਾਰ ਵਿਚ ਵੀ ਕਢਾ ਦਿੱਤਾ ਗਿਆ। ਆਪਣੇ ਸਕੂਲ ਦੀ ਸ਼ੁਹਰਤ ਦਾ ਖ਼ਿਆਲ ਵੀ ਨਾ ਕੀਤਾ।

ਹੈਡ ਮਾਸਟਰ ਵੀ ਪ੍ਰਭਾ ਨੂੰ ਦਿਲਬਰੀ ਨਾ ਦੇ ਸਕਿਆ – ਉਹਨੂੰ ਵੀ ਭੰਡੇ ਜਾਣ ਦਾ ਡਰਾਵਾ ਦਿੱਤਾ ਗਿਆ ਸੀ। ਕੁੜੀਆਂ ਵੀ ਆਪਣੀ ਪਿਆਰੀ ਉਸਤਾਨੀ ਨੂੰ ਪਿਆਰ ਨਾ ਦੇ ਸਕੀਆਂ। ਹੁਣ ਉਹਦੀ ਛੁਹ ਵੀ ਗੰਦੀ ਸਮਝੀ ਜਾਂਦੀ ਸੀ।

ਪ੍ਰਭਾ ਆਪਣੇ ਬੱਚੇ ਨੂੰ ਲੈ ਕੇ ਅਮ੍ਰਿਤਸਰ ਚਲੀ ਗਈ। ਰੇਲ ਗੱਡੀ ਵਿਚ ਉਹਦੇ ਨਾਲ ਇਕ ਬ੍ਰਿਧ ਵਿਧਵਾ ਬੈਠੀ ਸੀ। ਸਾਰੀ ਵਾਟ ਉਹਨੂੰ ਪ੍ਰਭਾ ਆਰਾਮ ਦੇਣ ਦਾ ਜਤਨ ਕਰਦੀ ਰਹੀ। ਇਹ ਬ੍ਰਿਧ ਮਾਤਾ ਅਮੀਰ ਤੇ ਨਹੀਂ ਸੀ, ਪਰ ਹਮਦਰਦ ਦਿਲ ਵਾਲੀ ਸੀ। ਪ੍ਰਭਾ ਦਾ ਏਸ ਉਮਰ ਵਿਚ ਵਿਧਵਾ ਹੋਣਾ ਸੁਣ ਕੇ ਉਹ ਬੜਾ ਤਰਸ ਕਰਨ ਲਗੀ। ਪ੍ਰਭਾ ਨੇ ਸੰਖੇਪ

ਜਿਹੀ ਵਾਰਤਾ ਆਪਣੀ ਸੁਣਾਈ, ਕਿ ਸਕੂਲ ਵਿਚੋਂ ਉਹਨੂੰ ਊਜ ਲਾ ਕੇ ਕੱਢਿਆ ਗਿਆ ਹੈ – ਪਰਧਾਨ ਦੀ ਉਸ ਕੋਈ ਗਲ ਨਾ ਕੀਤੀ। ਤੇ ਹੁਣ ਉਹਦਾ ਇਰਾਦਾ ਸੀ ਕਿ ਅਮ੍ਰਿਤਸਰ ਜਾ ਕੇ ਕਿਸੇ ਨਿਵੇਕਲੇ ਮਹੱਲੇ ਵਿਚ ਘਰ ਲੈ ਕੇ ਸਿਲਾਈ ਦਾ ਕੰਮ ਕਰੇ। ਮਸ਼ੀਨ ਖ਼ਰੀਦਣ ਜੋਗੇ ਪੈਸੇ ਉਹਦੇ ਕੋਲ ਹੈ ਸਨ, ਤੇ ਇਹ ਹੁਨਰ ਉਸ ਚੰਗੀ ਤਰ੍ਹਾਂ ਘਰ ਵਿਚ ਸਿਖਿਆ ਹੋਇਆ ਸੀ।

ਬ੍ਰਿਧ ਮਾਈ ਦਾ ਗੁਜ਼ਾਰਾ ਦੋ ਘਰਾਂ ਦੇ ਕਰਾਇਆਂ ਉੱਤੇ ਸੀ। ਉਹ ਖ਼ੁਸ਼ ਹੋ ਗਈ। ਉਸ ਇਕਰਾਰ ਕੀਤਾ ਕਿ ਉਹ ਉਹਨੂੰ ਆਪਣੇ ਘਰ ਰੱਖੇਗੀ ਤੇ ਉਹਨੂੰ ਤੁਹਮਤਾਂ ਤੋਂ ਬਚਾਈ ਰਖੇਗੀ। ਪ੍ਰਭਾ ਨੇ ਕਰਾਇਆ ਹਰ ਮਹੀਨੇ ਪੇਸ਼ਗੀ ਦੇਣ ਦਾ ਇਕਰਾਰ ਕੀਤਾ।

ਪ੍ਰਭਾ ਦਾ ਇਹ ਦ੍ਰਿੜ੍ਹ ਭਰੋਸਾ ਸੀ, ਕਿ ਦੁਨੀਆ ਦੀ ਕੋਈ ਮੁਸੀਬਤ ਅਸਹਿ ਨਹੀਂ ਹੁੰਦੀ। ਮਨੁੱਖ ਦੀ ਆਤਮਾ ਵਿਚ ਪੂਰਨ ਹਨੇਰਾ ਕਦੇ ਨਹੀਂ ਆਉਂਦਾ। ਵਾਰੀ ਵਾਰੀ ਜੇ ਸਾਰੇ ਦੀਵੇ ਬੁਝ ਜਾਣ ਤਾਂ ਕਿਤੋਂ ਨਾ ਕਿਤੋਂ ਕੋਈ ਜੋਤ ਅਚਾਨਕ ਜਗ ਪੈਂਦੀ ਹੈ। ਜ਼ਿੰਦਗੀ ਦੀ ਚੜ੍ਹਾਈ ਵਿਚ ਜਦੋਂ ਲੱਤਾਂ ਥੱਕ ਜਾਂਦੀਆਂ ਹਨ, ਉਸੇ ਘੜੀ ਕਿਸੇ ਬ੍ਰਿਛ ਦੀ ਛਾਵੇਂ ਪਿਆ ਪੱਥਰ ਦਿਸ ਪੈਂਦਾ ਹੈ, ਜਿਸ ਤੇ ਬਹਿ ਕੇ ਥਕਿਆ ਦਿਲ ਦੋ ਘੜੀਆਂ ਸਾਹ ਕੱਢ ਲੈਂਦਾ ਹੈ।

ਪ੍ਰਭਾ ਏਸ ਬ੍ਰਿਧ ਵਿਧਵਾ ਦੇ ਇਕ ਘਰ ਵਿਚ ਵੱਸੇ ਰਹਿ ਪਈ। ਮਸ਼ੀਨ ਉਸ ਨੇ ਖ਼ਰੀਦ ਲਈ। ਬ੍ਰਿਧ ਮਾਈ ਨੇ ਦੋ ਚੌਂਹ ਘਰਾਂ ਨਾਲ ਜਾਣ ਪਛਾਣ ਕਰਾ ਦਿੱਤੀ। ਅਗੋਂ ਦੀਵੇ ਨਾਲ ਦੀਵਾ ਜਗਦਾ ਗਿਆ। ਬਥੇਰੇ ਘਰ ਹੋ ਗਏ। ਮਿੱਠੇ ਬੋਲ, ਕੰਮ ਆਉਣ ਵਾਲੇ ਸੁਭਾ ਨੂੰ ਕਿਤੇ ਘਾਟਾ ਨਹੀਂ। ਏਥੇ ਵੀ ਏਸ ਮੂਰਤ ਨੇ ਆਪਣੇ ਲਈ ਚੌਖਟ ਬਣਾ ਲਈ। ਕਈਆਂ ਗੁਆਂਢਣਾਂ ਨੂੰ ਸਿਊਣਾ ਪ੍ਰੋਣਾ ਸਿਖਾ ਦਿੱਤਾ। ਕਈਆਂ ਦੇ ਹਥੀਂ ਬਾਲ ਉਪਦੇਸ਼ ਤੇ ਕਈਆਂ ਦੇ ਹਥੀਂ ਅੰਗਰੇਜ਼ੀ ਪ੍ਰੈਮਰਾਂ ਫੜਾ ਦਿੱਤੇ। ਮਹੱਲੇ ਵਿਚ ਜਾਨ ਪੈ ਗਈ। ਚਿਤਰੰਜਨ ਵੀ ਤੋਤਲੀਆਂ ਮਾਰਨ ਲਗ ਪਿਆ। ਉਜੜੇ

ਦਿਲ ਵਿਚ ਫੇਰ ਬਸੰਤ ਆ ਗਈ।

ਪਰ ਬਸੰਤੀ ਫੁੱਲਾਂ ਵਿਚ ਇਹ ਘਾਟ ਹੈ ਕਿ ਦੂਰ ਦੂਰ ਤਕ ਦਿਸਣ ਲਗ ਪੈਂਦੇ ਹਨ ਤੇ ਕਈ ਨਿਰਾ ਵੇਖ ਕੇ ਹੀ ਪ੍ਰਸੰਨ ਨਹੀਂ ਹੁੰਦੇ, ਤੋੜੇ ਬਿਨਾਂ ਉਨ੍ਹਾਂ ਨੂੰ ਤਸੱਲੀ ਨਹੀਂ ਹੁੰਦੀ।

ਪ੍ਰਭਾ ਬੜੀ ਖ਼ੁਸ਼ ਸੀ। ਉਹਨੂੰ ਸਭ ਕੁਝ ਭੁਲ ਗਿਆ। ਜਿਹੜੀ ਹੋਣੀ ਚਿਤਰੰਜਨ ਖੋਹ ਕੇ ਮੁੜ ਮੋੜ ਸਕਦੀ ਸੀ, ਹਸਪਤਾਲ ਖੋਹ ਕੇ, ਸਕੂਲ, ਤੇ ਸਕੂਲ ਖੋਹ ਕੇ ਇਹ ਮਹੱਲਾ ਤੇ ਏਸ ਮਹੱਲੇ ਦੀਆਂ ਇਸਤ੍ਰੀਆਂ ਦਾ ਸਾਥ ਦੇ ਸਕਦੀ ਸੀ, ਉਹ ਓੜਕ ਏਡੀ ਕਠੋਰ ਨਹੀਂ ਆਖੀ ਜਾ ਸਕਦੀ। ਇਕ ਹਥੋਂ ਖੋਹ ਕੇ ਦੂਜੇ ਹਥ ਫੜਾਨ ਵਾਲੀ ਹੋਣੀ ਕੋਸੀ ਨਹੀਂ ਜਾ ਸਕਦੀ।

ਪਰ ਕਈ ਵਾਰੀ ਨਿਰਵੈਰ ਨੀਲੇ ਆਕਾਸ਼ ਵਿਚ ਕਿਤੋਂ ਗੈਬੋਂ ਭੈੜਾ ਜਿਹਾ ਬੱਦਲ ਆ ਉਠਦਾ ਹੈ, ਵੇਂਹਦਿਆਂ ਵੇਂਹਦਿਆਂ ਸੂਰਜ ਛਿਪ ਜਾਂਦਾ ਹੈ।

ਇਹੀ ਖ਼ਿਆਲ ਪ੍ਰਭਾ ਦੇ ਦਿਲ ਵਿਚੋਂ ਗੁਜ਼ਰਿਆ, ਜਿਦਨ ਉਸ ਨੂੰ ਆਪਣੀ ਗਲੀ ਦੇ ਮੋੜ ਉਤੋਂ ਉਸ ਮੂੰਹ ਦਾ ਝਾਉਲਾ ਪਿਆ, ਜਿਹੜਾ ਉਹਨੂੰ ਕਈ ਵਾਰੀ ਸੁਫਨਿਆਂ ਵਿਚ ਆ ਆ ਕੇ ਆਖਦਾ ਸੀ :

"ਮੈਂ ਤੈਨੂੰ ਗਲੀਆਂ ਵਿਚ ਰੋਲਨਾ ਹੈ।"

ਉਸ ਦਿਨ ਤੋਂ ਪ੍ਰਭਾ ਸੋਚਣ ਲਗ ਪਈ ਕਿ ਹੋਰ ਚੜ੍ਹਾਈ ਹੁਣ ਸਾਹਮਣੇ ਹੈ। ਏਸ ਬ੍ਰਿਛ ਦੀ ਛਾਂ ਛੁੱਟਣ ਵਾਲੀ ਹੈ। ਏਸ ਪੱਥਰ ਦੀ ਕੂਲੀ ਬੈਠਕ ਹੁਣ ਛਡਣੀ ਪਏਗੀ। ਪਰ ਉਹ ਆਪਣੇ ਕੰਮ ਵਿਚ ਰੁੱਝੀ ਰਹਿੰਦੀ।

ਇਕ ਵਾਰੀ ਫੇਰ ਪ੍ਰਭਾ ਨੇ ਆਪਣੀ ਗਲੀ ਵਿਚ ਉਸੇ ਆਦਮੀ ਦੇ ਨੌਕਰ ਨੂੰ ਵੇਖਿਆ, ਪਹਿਲੋਂ ਤੇ ਸੋਚਿਆ ਕਿ ਉਹ ਥਾਂ ਛਡ ਕੇ ਚਲੀ ਜਾਏ, ਪਰ ਫੇਰ ਸੋਚਿਆ ਕਿਹੜਾ ਬਹਾਨਾ ਬਣਾਏ, ਸਮਿਉਂ ਪਹਿਲਾਂ ਕੀਕਰ ਉਸ ਮਾਈ ਨੂੰ ਛਡ ਕੇ ਚਲੀ ਜਾਏ ਜਿਸ ਨਿ-ਆਸਰੀ ਨੂੰ ਗਲ ਨਾਲ ਲਾਇਆ ਸੀ, ਤੇ ਹੁਣ ਉਹ ਚਿਤਰੰਜਨ ਦੀ ਵਡੀ ਮਾਂ ਬਣੀ ਹੋਈ ਸੀ। ਭਾਵੇਂ ਗਰੀਬ ਸੀ, ਕੋਈ ਸਹਾਇਤਾ ਨਹੀਂ ਸੀ ਕਰ ਸਕਦੀ, ਪਰ ਪਿਆਰ

ਤੇ ਦੇ ਸਕਦੀ ਸੀ। ਪ੍ਰਭਾ ਨੇ ਜਾਣ ਦਾ ਖਿਆਲ ਛਡ ਦਿੱਤਾ ਤੇ ਉਥੇ ਹੀ ਆਪਣੀ ਹੋਣੀ ਨੂੰ ਮਿਲਣ ਲਈ ਮਨ ਪੱਕਾ ਕਰ ਲਿਆ।

ਹੋਣੀ ਨੇ ਵੀ ਬਹੁਤੀ ਉਡੀਕ ਵਿਚ ਨਾ ਰਖਿਆ। ਇਕ ਦਿਨ ਜਦੋਂ ਬਾਹਰੋਂ ਆਈ ਤਾਂ ਵੇਖਿਆ ਕਿ ਮਸ਼ੀਨ ਪਈ ਨਹੀਂ ਸੀ।

ਹੋਰ ਢੂੰਡਿਆ ਤੇ ਪਤਾ ਲਗਾ ਕਿ ਜਿਹੜੇ ਪਰਸੋਂ ਵਿਆਹ ਲਈ ਕਿਸੇ ਨੇ ਸੂਟ ਸੀਣੇ ਦਿੱਤੇ ਸਨ, ਉਹ ਵੀ ਕਿਤੇ ਨਹੀਂ ਦਿਸਦੇ। ਮਸ਼ੀਨ ਦੀ ਗਲ ਤੇ ਕੋਈ ਨਹੀਂ ਸੀ, ਪਰ ਇਹ ਢਾਈ ਤਿੰਨ ਸੌ ਦੇ ਕਪੜੇ ਉਹ ਕਿਥੋਂ ਭਰ ਕੇ ਦੇਵੇਗੀ।

ਚੋਰੀ ਹੋ ਗਈ। ਕਿਸੇ ਦਰਦ ਵੰਡਾਇਆ। ਕਿਸੇ ਯਾਰ ਸੌਂਪੇ। ਕਿਸੇ ਉਸ ਨੂੰ ਪੁਲੀਸ ਦੇ ਹਵਾਲੇ ਕਰਨ ਦੀ ਸਲਾਹ ਦਿੱਤੀ। ਜਿਹੜੀਆਂ ਆ ਆ ਕੇ ਉਸ ਤੋਂ ਪੜ੍ਹਦੀਆਂ ਤੇ ਕ੍ਰੋਸ਼ੀਆ ਸਿਖਦੀਆਂ ਸਨ, ਉਹਨਾਂ ਵਿਚੋਂ ਹੀ ਕਈਆ ਨੇ ਆਖਿਆ ਕਿ ਇਹਦੇ ਕੋਲ ਮਰਦ ਆਉਂਦੇ ਸਨ। ਇਹ ਸਿਰਫ਼ ਇਸ ਲਈ, ਕਿ ਉਨ੍ਹਾਂ ਦੇ ਖਸਮਾਂ ਨੇ ਕਈ ਵਾਰੀ ਗਲੇ ਆਈ ਗਲੇ ਪ੍ਰਭਾ ਦੀ ਸਿਆਣਪ ਤੇ ਸੁੰਦਰਤਾ ਦੀ ਤਾਰੀਫ਼ ਕੀਤੀ ਸੀ।

ਮਾਈ ਨੇ ਜੋ ਬਣਿਆ, ਮਦਦ ਕੀਤੀ। ਕੁਝ ਰੁਪਈਆ ਪ੍ਰਭਾ ਨੇ ਜੋੜਿਆ ਹੋਇਆ ਸੀ, ਕੁਝ ਮਾਈ ਨੇ ਦਿੱਤਾ ਤੇ ਬਾਕੀ ਲਈ ਅਸ਼ਟਾਮ ਲਿਖ ਕੇ ਪ੍ਰਭਾ ਨੇ ਗੁਆਚੇ ਕਪੜਿਆਂ ਦਾ ਮੁਲ ਭਰਿਆ। ਹੁਣ ਪ੍ਰਭਾ ਉਸ ਮਹੱਲੇ ਵਿਚ ਨਹੀਂ ਸੀ ਰਹਿ ਸਕਦੀ। ਉਸ ਨੇ ਪੁਲੀਸ ਵਿਚ ਚੋਰੀ ਦੀ ਕੋਈ ਰਪੋਰਟ ਨਾ ਕੀਤੀ। ਲੋਕਾਂ ਝਟ ਨਤੀਜਾ ਕੱਢ ਲਿਆ ਕਿ ਯਾਰ ਨੂੰ ਕਪੜੇ ਪੁਚਾ ਆਈ ਹੈ।

ਪ੍ਰਭਾ ਆਪਣੇ ਚਿਤਰੰਜਨ ਨੂੰ ਲੈ ਕੇ ਉਥੋਂ ਤੁਰ ਗਈ। ਅਗੇ ਜਿਥੋਂ ਵੀ ਨਿਕਲੀ ਸੀ ਉਹਦੇ ਕੋਲ ਕੁਝ ਮਾਇਆ ਹੁੰਦੀ ਸੀ। ਪਰ ਅਜ ਉਹਦੇ ਕੋਲ ਇਕ ਪੈਸਾ ਨਹੀਂ ਸੀ। ਆਪਣੇ ਚਿਤਰੰਜਨ ਨੂੰ ਗਲ ਨਾਲ ਲਾ ਕੇ ਉਹ ਖ਼ਾਲੀ ਹਥ ਨਿਕਲ ਗਈ।

ਹੁਣ ਜਾਏ ਕਿਥੇ ? ਸੋਚਣ ਲਈ ਕਿਸੇ ਥਾਂ ਦੋ ਘੜੀਆਂ ਬਹਿਣ ਦੀ

ਲੋੜ ਸੀ। ਉਹ ਤੇ ਭੁੱਖੀ ਰਹਿ ਸਕਦੀ ਸੀ, ਪਰ ਚਿਤਰੰਜਨ ਨੂੰ ਹੋਰ ਦੋਂਹ ਘੜੀਆਂ ਨੂੰ ਭੁਖ ਲਗ ਜਾਏਗੀ ਤਾਂ ਉਹ ਕਿਹੜੇ ਪਾਸੇ ਤੱਕੇਗੀ।

ਉਥੇ ਹਰੀਮੰਦਰ ਵਿਚ ਉਸਾਰੀ ਲਗੀ ਹੋਈ ਸੀ। ਮਾਈ ਨਾਲ ਉਸ ਕਈ ਵਾਰੀ ਜਾ ਕੇ ਸੇਵਾ ਕੀਤੀ ਹੋਈ ਸੀ। ਇਸ ਹਰੀਮੰਦਰ ਨਾਲ ਲੰਗਰ ਵੀ ਹੁੰਦਾ ਹੈ। ਮੁਫ਼ਤ ਤੇ ਉਹ ਲੰਗਰ ਵਿਚੋਂ ਵੀ ਖਾਣ ਨੂੰ ਤਿਆਰ ਨਹੀਂ ਸੀ, ਪਰ ਕੰਮ ਕਰ ਕੇ ਖਾਣ ਵਿਚ ਤੇ ਕੋਈ ਹਰਜ ਨਹੀਂ ਸੀ। ਓਥੇ ਦੋ ਚਾਰ ਦਿਨ ਸਾਰਾ ਸਾਰਾ ਦਿਨ ਕੰਮ ਕਰੇਗੀ, ਉਥੇ ਪਰਕਰਮਾ ਵਿਚ ਹੀ ਪੈ ਰਹੇਗੀ ਤੇ ਆਪਣੇ ਭਵਿੱਖ ਦੀ ਕੋਈ ਤਜਵੀਜ਼ ਬਣਾਏਗੀ।

ਇਹ ਤਜਵੀਜ਼ ਵੀ ਕੋਈ ਹੋਛੀ ਨਹੀਂ ਸੀ – ਸਾਰੀ ਹੋਣਹਾਰ ਸੀ। ਅਨੇਕਾਂ ਇਸਤ੍ਰੀ ਮਰਦ ਗੁਰੂ ਦੀ ਉਸਾਰੀ ਉੱਤੇ ਸੇਵਾ ਕਰਦੇ ਸਨ, ਰੋਟੀਆਂ ਵੀ ਖਾਂਦੇ ਸਨ ਤੇ ਰਾਤੀਂ ਪਰਕਰਮਾ ਵਿਚ ਸੌਂ ਵੀ ਰਹਿੰਦੇ ਸਨ। ਪਰ ਪ੍ਰਭਾ ਇਹ ਭੁਲ ਗਈ ਕਿ ਉਹ ਅਨੇਕਾਂ ਇਸਤ੍ਰੀਆਂ ਵਾਂਗ ਨਹੀਂ ਸੀ – ਉਹ ਜਵਾਨ ਸੀ, ਸੁਹਣੀ ਸੀ, ਇਕੱਲੀ ਸੀ, ਤੇ ਚੰਗੀ ਸੀ।

ਪ੍ਰਭਾ ਰੋੜੀ ਦੀਆਂ ਟੋਕਰੀਆਂ ਸਿਰ ਤੇ ਚੁਕ ਕੇ ਨੀਂਹਾਂ ਵਿਚ ਜਾ ਕੇ ਪਾਂਦੀ ਰਹੀ। ਇਕ ਸੇਵਾਦਾਰ ਕਹੀ ਨਾਲ ਟੋਕਰੀਆਂ ਭਰ ਕੇ ਚੁਕਾਂਦਾ ਸੀ। ਇਕ ਦੋ ਟੋਕਰੀਆਂ ਤੇ ਉਸ ਆਦਮੀਆਂ ਵਾਂਗ ਚੁਕਾਈਆਂ ਤੇ ਫੇਰ ਉਹਦੀਆਂ ਉਂਗਲਾਂ ਖਿਲਰ ਖਿਲਰ ਕੇ ਪ੍ਰਭਾ ਦੇ ਮੂੰਹ ਨਾਲ ਲਗਣ ਲਗ ਪਈਆਂ। ਪ੍ਰਭਾ ਨੇ ਰੋੜੀ ਦਾ ਕੰਮ ਛਡ ਦਿੱਤਾ, ਇੱਟਾਂ ਚੁਕਣ ਲਗ ਪਈ। ਇੱਟਾਂ ਵੀ ਉਸਾਰੀ ਦੇ ਲਾਗੇ ਜਮ੍ਹਾਂ ਹੋ ਰਹੀਆਂ ਸਨ।

ਕਈ ਫੇਰੇ ਉਸ ਲਾਏ। ਚਿਤਰੰਜਨ ਰੋ ਪਿਆ। ਉਸ ਨੂੰ ਵਿਲਾਇਆ। ਲੰਗਰ ਵਿਚ ਗਈ, ਇਕ ਫੁਲਕਾ ਆਪ ਖਾਧਾ ਤੇ ਕੁਝ ਚਿਤਰੰਜਨ ਨੂੰ ਖੁਆਇਆ। ਇਕ ਪਾਸੇ ਹੋ ਕੇ ਬਹਿ ਗਈ। ਚਿਤਰੰਜਨ ਨਾਲ ਖੇਡਨ ਲਗ ਪਈ। ਲੰਮੀ ਪੈ ਕੇ ਉਹਨੂੰ ਹਿਕ ਉੱਤੇ ਕੁਦਾਇਆ, ਹਸਾਇਆ ਤੇ ਉਹ ਸੌਂ ਗਿਆ। ਉਹਨੂੰ ਸੁੱਤੇ ਨੂੰ ਚੁਕ ਲਿਆਈ ਤੇ ਕੰਮ ਦੇ ਲਾਗੇ ਉਹਨੂੰ ਲਿਟਾ ਦਿੱਤਾ ਤੇ ਆਪ ਫੇਰ ਇੱਟਾਂ ਢੋਣ ਲਗ ਪਈ। ਉਸ ਨੇ ਦੋ ਡੰਗਾਂ

ਦੀ ਰੋਟੀ ਜਿੰਨਾਂ ਕੰਮ ਜ਼ਰੂਰ ਕਰਨਾ ਸੀ।

ਉਹ ਰੋੜੀ ਦੀਆਂ ਟੋਕਰੀਆਂ ਚੁਕਾਣ ਵਾਲਾ ਸੇਵਾਦਾਰ ਉਹਨੂੰ ਤਾੜਦਾ ਰਿਹਾ। ਪ੍ਰਭਾ ਦੀਆਂ ਹਰਕਤਾਂ ਤੋਂ ਕੁਝ ਬੇ-ਚਾਰਗੀ ਟਪਕਦੀ ਸੀ। ਚੰਗੇ ਦਿਲਾਂ ਵਿਚ ਇਹ ਬੇ-ਚਾਰਗੀ ਹਮਦਰਦੀ ਦੀ ਤਾਰ ਛੇੜਦੀ ਹੈ, ਪਰ ਮਾੜੇ ਦਿਲਾਂ ਵਿਚ ਮੌਕੇ ਦਾ ਲਾਲਚ ਪੈਦਾ ਕਰਦੀ ਹੈ।

ਉਹ ਪੁਰਾਣਾ ਸੇਵਾਦਾਰ ਸੀ, ਉਹ ਦੋ ਤਰ੍ਹਾਂ ਦੀਆਂ ਇਸਤ੍ਰੀਆਂ ਨੂੰ ਫੌਰਨ ਪਛਾਣ ਲੈਂਦਾ ਸੀ। ਇਕ ਜਿਹੜੀਆਂ ਵਿਗੜੀਆਂ ਹੋਈਆਂ ਹੋਣ, ਦੂਜੀਆਂ ਜਿਹੜੀਆਂ ਨਿਆਸਰੀਆਂ ਹੋਣ, ਤੇ ਉਨ੍ਹਾਂ ਦੀ ਬੇ-ਬਸੀ ਦਾ ਫ਼ਾਇਦਾ ਉਠਾਇਆ ਜਾ ਸਕਦਾ ਹੋਵੇ।

ਉਸ ਸੇਵਾਦਾਰ ਨੇ ਵੀ ਇਟਾਂ ਢੋਣੀਆਂ ਸ਼ੁਰੂ ਕਰ ਦਿੱਤੀਆਂ ਤੇ ਉਹ ਪ੍ਰਭਾ ਦੇ ਨਾਲ ਹੀ ਤੁਰੇ ਤੇ ਕਦੇ ਕਦੇ ਕੁਝ ਬੋਲਦਾ ਵੀ ਰਹੇ। ਰਾਹ ਵਿਚ ਕਈ ਇਟਾਂ ਖਿਲਰੀਆਂ ਹੋਈਆਂ ਸਨ। ਬਚ ਬਚ ਕੇ ਤੁਰਨਾ ਪੈਂਦਾ ਸੀ। ਪ੍ਰਭਾ ਆਪਣੀ ਕਿਸਮਤ ਨੂੰ ਏਨਾ ਨਹੀਂ ਸੀ ਰੋਂਦੀ, ਜਿੰਨਾਂ ਇਨ੍ਹਾਂ ਲੋਕਾਂ ਦੀ ਤਹਿਜ਼ੀਬ ਨੂੰ ਰੋਂਦੀ ਸੀ। ਹਨੇਰ ਆ ਗਿਆ, ਕੀ ਸਕੂਲ, ਕੀ ਪਰਧਾਨ, ਕੀ ਹਰੀਮੰਦਰ, ਕੀ ਸੇਵਾਦਾਰ, ਕੀ ਭਗਤ – ਸਭ ਥਾਈਂ ਇਕੋ ਹਿਰਸ ਦਾ ਰਾਜ ਹੈ। ਕਿਸ ਨੂੰ ਦੱਸੇ, ਕਿਦ੍ਹੇ ਅਗੇ ਫ਼ਰਿਆਦ ਕਰੇ, ਸਭੇ ਜੱਜ ਤੇ ਸਾਰੇ ਸਾਲਸ ਉਹਦੀ ਜਵਾਨੀ ਦਾ ਸਿਰਫ਼ ਇਕੋ ਹੀ ਅਰਥ ਸੋਚ ਸਕਦੇ ਹਨ – ਉਫ਼! ਇਹ ਸਾਰੇ ਉਹ ਹਨ, ਜਿਨ੍ਹਾਂ ਦੀ ਪਾਰਸਾਈ ਨੇ ਉਹਨੂੰ "ਅਨਵਿਆਹੀ ਮਾਂ" ਆਖ ਕੇ ਭਾਈਚਾਰੇ ਤੋਂ ਬਾਹਰ ਕਢ ਦਿੱਤਾ ਹੈ। ਉਹਨੂੰ ਕਿਸੇ ਕੰਵਾਰੀ ਜਾਂ ਵਿਆਹੀ ਇਸਤ੍ਰੀ ਦੀ ਸੰਗਤ ਦੇ ਯੋਗ ਨਹੀਂ ਸਮਝਿਆ ਜਾਂਦਾ।

ਇਹੀ ਗਿਲੇ ਉਹ ਦਿਲ ਵਿਚ ਕਰ ਰਹੀ ਸੀ, ਕਿ "ਕਾਲੇ ਭੈੜੇ ਭੂੰਡ" ਜਿਹੇ ਸੇਵਾਦਾਰ ਦੀਆਂ ਗੁਸਤਾਖ਼ੀਆਂ ਉੱਤੇ ਗੁੱਸਾ ਆ ਗਿਆ – ਪਰ ਮਨ ਵਿਚ ਹੀ, ਜਿਸ ਕਰ ਕੇ ਸਿਰ ਉੱਤੇ ਚੁਕੀਆਂ ਇਟਾਂ ਦਾ ਤੋਲ ਉਲਰ ਗਿਆ, ਅਗੋਂ ਇਟ ਨਾਲ ਠੇਡਾ ਲਗਾ, ਗਾੜ ਕਰ ਕੇ ਡਿਗ ਪਈ, ਭੁਏਂ

ਪਈ ਇਟ ਨਾਲ ਮਥਾ ਵੱਜਾ, ਲਹੂ ਦਾ ਪਾੜਛਾ ਛੁਟ ਪਿਆ, ਹੋਸ਼ ਗੁਆਚ ਗਈ।

ਲੋਕ ਇਕੱਠੇ ਹੋ ਗਏ, ਸੱਟ ਬਹੁਤੀ ਸੀ, ਹਾਲਤ ਨਾਜ਼ਕ ਖ਼ਿਆਲ ਕੀਤੀ ਗਈ। ਗੁਰਦੁਆਰੇ ਦਾ ਡਾਕਟਰ ਤੇ ਹਮੇਸ਼ਾਂ ਵਾਂਗ ਗ਼ੈਰ ਹਾਜ਼ਰ ਸੀ, ਕੰਪੋਂਡਰ ਨੇ ਆਖਿਆ ਕਿ ਉਹਨੂੰ ਲਾਲ ਡਾਕਟਰ ਕੋਲ ਲਿਜਾਇਆ ਜਾਏ।

ਲਾਲ ਡਾਕਟਰ ਉਸ ਆਲੇ ਦੁਆਲੇ ਵਿਚ ਬੜਾ ਪ੍ਰਸਿਧ ਸੀ। ਇਹਨੂੰ ਲਾਲ ਤਾਂ ਆਖਦੇ ਸਨ ਕਿ ਇਹ ਮੁਕਤੀ ਫ਼ੌਜ ਦਾ ਲਾਲ ਕੋਟ ਪਹਿਨਦਾ ਤੇ ਲਾਲ ਪੱਗ ਬੰਨ੍ਹਦਾ ਸੀ। ਇਹ ਵਡੇਰੀ ਉਮਰ ਦਾ ਸੀ ਤੇ ਫ਼ੀਸ ਨਹੀਂ ਸੀ ਲੈਂਦਾ, ਬੜਾ ਸਿਆਣਾ ਮਸ਼ਹੂਰ ਸੀ।

ਏਨੀ ਸਿਆਣਪ ਸੇਵਾਦਾਰ ਨੇ ਜ਼ਰੂਰ ਕੀਤੀ ਕਿ ਜਦੋਂ ਮੰਜੀ ਤੇ ਪਾ ਪ੍ਰਭਾ ਨੂੰ ਲਿਜਾ ਰਹੇ ਸਨ, ਤਾਂ ਉਹ ਚਿਤਰੰਜਨ ਨੂੰ ਵੀ ਚੁਕ ਲਿਆਇਆ।

ਲਾਲ ਡਾਕਟਰ ਨੇ ਫੱਟੜ ਨੂੰ ਵੇਖਿਆ। ਪੱਟੀ ਕੀਤੀ, ਹੋਸ਼ ਅਜੇ ਵੀ ਨਾ ਆਈ। ਫੱਟੜ ਦਾ ਇਤਿਹਾਸ ਪੁੱਛਿਆ। ਇਹ ਪਤਾ ਕਰ ਕੇ ਕਿ ਉਹਦਾ ਰਿਸ਼ਤੇਦਾਰ ਨਾਲ ਕੋਈ ਨਹੀਂ ਸੀ, ਤੇ ਨਾ ਕਿਸੇ ਨੂੰ ਉਸ ਦਾ ਕੁਝ ਪਤਾ ਸੀ, ਉਸ ਨੇ ਸਾਰਿਆਂ ਨੂੰ ਇਹ ਕਹਿ ਕੇ ਵਿਦਿਆ ਕਰ ਦਿੱਤਾ, ਕਿ ਉਹ ਸਾਰਾ ਪ੍ਰਬੰਧ ਕਰੇਗਾ, ਤੇ ਫੱਟੜ ਨੂੰ ਆਪਣੇ ਘਰ ਰੱਖੇਗਾ, ਕਿਉਂਕਿ ਕੇਸ ਖ਼ਤਰੇ ਤੋਂ ਖ਼ਾਲੀ ਨਹੀਂ ਸੀ, ਲਹੂ ਬੇਅੰਦਾਜ਼ ਵਗ ਚੁਕਾ ਸੀ, ਸ਼ਾਇਦ ਕਿਸੇ ਹੋਰ ਸਰਜਨ ਦੀ ਮਦਦ ਵੀ ਲੈਣੀ ਪਵੇ, ਜਿਦ੍ਹਾ ਪ੍ਰਬੰਧ ਉਹ ਆਪ ਕਰੇਗਾ।

ਲੋਕ ਚਲੇ ਗਏ। ਉਹਦਾ ਦਰਦੀ ਤੇ ਕੋਈ ਹੈ ਨਹੀਂ ਸੀ। ਥੋੜੀ ਬਹੁਤ ਦਿਲਚਸਪੀ ਉਹਦੀ ਰੱਤੀ ਜਵਾਨੀ ਨਾਲ ਸੀ, ਉਸ ਜਵਾਨੀ ਦੀ ਰੱਤ ਹੁਣ ਡੁਲ੍ਹ ਗਈ, ਕੀ ਪਤਾ ਮੂੰਹ ਮਥਾ ਹੁਣ ਵਿਗੜ ਹੀ ਜਾਏ।

ਪਰ ਬਾਹਰੋਂ ਦੀਵੇ ਜਦੋਂ ਬੁਝਦੇ ਹਨ, ਅੰਦਰੋਂ ਕੋਈ ਜੋਤ ਜਗਦੀ ਹੈ, ਇਹ ਪ੍ਰਭਾ ਦਾ ਵਿਸ਼ਵਾਸ ਸੀ। ਤੇ ਹੁਣ ਜਦੋਂ ਉਹ ਰਾਤ ਨੂੰ ਕਮਰੇ ਵਿਚ ਬੇਹੋਸ਼ ਪਈ ਸੀ ਤੇ ਨਾਲ ਦੇ ਪੰਘੂੜੇ ਵਿਚ ਚਿਤਰੰਜਨ ਸੁਖ ਨਾਲ

ਸੁੱਤਾ ਹੋਇਆ ਸੀ, ਉਹਦੀ ਬੁੱਝੀ ਸੁਰਤੀ ਉਤੇ ਡਾਕਟਰ ਲਾਲ ਦੀਆਂ ਅੱਖਾਂ ਵਿਚੋਂ ਇਕ ਅੰਤਰ ਜੋਤਿ ਜਗ ਰਹੀ ਸੀ।

ਬੁੱਢਾ ਰੋਸ਼ਨ ਮੁਖ, ਦੈਵੀ ਚਿੱਟਾ ਦਾਹੜਾ, ਮੋਟੀਆਂ ਤਰਸ-ਭਰੀਆਂ ਅੱਖਾਂ, ਇਹਸਾਸਾਂ ਭਰੀਆਂ ਉਂਗਲਾਂ ਛੁੱਟੇ ਛੁੱਟੇ ਪ੍ਰਭਾ ਦੀ ਨਬਜ਼ ਵੇਖਦੀਆਂ ਸਨ। ਚਿਤਰੰਜਨ ਵੀ ਸੁਰਕਿਆ। ਉਹਨੂੰ ਵੀ ਪਿਆਰ ਨਾਲ ਥਪਕਿਆ। ਫੇਰ ਆਪਣੀ ਥਾਏਂ ਡਾਕਟਰ ਆ ਬੈਠਾ।

ਇਹ ਇਕ ਪਤੀ ਵਿਹੂਣੀ ਇਸਤਰੀ ਦੀ ਇਕ ਉਚ ਸਦਾਚਾਰੀ, ਨਵ ਆਸਰੀ, ਤਰਸ ਭੇਟ ਅਤੇ ਅਤਿ ਧਿਆਨ ਦੀ ਇਕ ਕਹਾਣੀ ਨਹੀਂ, ਪਰ ਸਦਾਚਾਰ ਇਸਤਰੀ ਅਤੇ ਪੁਰਸ਼ ਲਈ, ਸਗੋਂ ਡਾਕਟਰ ਦਾ ਜਾਇਜ਼ਾ ਹੈ।

ਅਤੇ ਸਮਾਜ ਦੇਸਾਂ ਪ੍ਰਦੇਸਾਂ ਵਿਚ ਫੈਲੇ ਪਰਵਾਰ, ਸੰਬੰਧ ਅਤੇ ਉਹ ਰੁਤਬਿਆਂ ਵਾਲਿਆਂ ਦਾ ਜਾਇਜ਼ਾ ਲੈਂਦਾ ਹੈ, ਜਿਹੜੇ ਆਪਣੀ ਪਾਰਟੀ ਦੀ ਆੜ ਵਿਚ ਆਪਣੀਆਂ ਧੀਆਂ ਭੈਣਾਂ ਦੀ ਇੱਜ਼ਤ ਨੂੰ ਸਸਤਾ ਵੇਚਣ ਦੀ ਥਾਂ ਉਸ ਦੀ ਕਮਾਈ ਦੇ ਨਾਜਾਇਜ਼ ਫਾਇਦਾ ਉਠਾਂਦੇ ਹਨ। ਪਰ ਅੱਜ ਇਸਤਰੀ ਜਾਤੀ ਰੋਸ਼ਨ ਪ੍ਰਭਾ, ਵਰਗੀ ਆਪਣੀ ਸ਼ਾਨ ਦੇ ਬਦਲੇ ਆਪਣੀ ਜਾਨ ਨੂੰ ਤਰਜੀਹ ਦੇਂਦੀ ਹੈ, ਜਾਤ ਦੇਵ ਵਿਚ ਕੀਤਿਆਂ ਜਾ ਸਕਦੇ ਹਨ।

[illegible] read [illegible]
[illegible] beautiful [illegible]

## ੧੦

ਡਾਕਟਰ ਲਾਲ ਪ੍ਰਭਾ ਦੀ ਲੰਮੀ ਚੜ੍ਹਾਈ ਵਿਚ ਇਕ ਹੋਰ ਪੜਾ ਸਾਬਤ ਹੋਇਆ। ਕਿਸੇ ਵੇਲੇ ਐਉਂ ਮਲੂਮ ਹੁੰਦਾ ਹੈ, ਕਿ ਜ਼ਿੰਦਗੀ ਦੀਆਂ ਹਨੇਰੀਆਂ ਨਿਰੀਆਂ ਰਾਹੋਂ ਪੈਰ ਥਿੜਕਾਣ ਲਈ ਹੀ ਨਹੀਂ ਆਉਂਦੀਆਂ ਸਗੋਂ ਕਈ ਵਾਰੀ ਛੇਤੀ ਉਡਾ ਕੇ ਮੰਜ਼ਲ ਉੱਤੇ ਪੁਚਾਣ ਲਈ ਵੀ ਆਉਂਦੀਆਂ ਹਨ।ਐਉਂ ਜਾਪਦਾ ਹੈ ਕੋਈ ਉਸਤਾਦ ਜ਼ਿੰਦਗੀ ਦੀਆਂ ਚੂਲਾਂ ਨੂੰ ਠੋਕ ਠੋਕ ਕੇ ਠੀਕ ਛੇਕਾਂ ਵਿਚ ਫ਼ਿਟ ਕਰਦਾ ਹੈ। ਇਹ ਤੋੜਨ ਵਾਲੀਆਂ ਚੋਟਾਂ ਨਹੀਂ, ਇਹ ਠੀਕ ਘੁਰੇ ਵਿਚ ਧਕਣ ਵਾਲੀਆਂ ਠੋਕਾਂ ਹਨ।

ਪ੍ਰਭਾ ਲਾਲ ਕੋਲ ਪੁਜ ਗਈ। ਦੋ ਹਮ-ਜਿਨਸ ਰੂਹਾਂ ਦੇ ਇਕੱਠਿਆਂ ਕਰਨ ਲਈ ਇਕ ਇੱਟ ਦਾ ਠੇਡਾ ਪੈਰ ਨੂੰ ਤੇ ਦੂਜੀ ਦਾ ਪਾੜ ਮੱਥੇ ਵਿਚ ਦਰਕਾਰ ਸਨ।

ਡਾਕਟਰ ਲਾਲ ਨੇ ਸੱਤਰ ਵਰ੍ਹੇ ਕੰਵਾਰਿਆਂ, ਲੋਕ-ਸੇਵਾ ਵਿਚ ਲਾ ਦਿੱਤੇ ਸਨ। ਹੁਣ ਜ਼ਿੰਦਗੀ ਦੀਆਂ ਸ਼ਾਮਾਂ ਸਿਰ ਉੱਤੇ ਸਨ। ਸੇਵਾ ਨਾਲ ਤੇ ਰੀਝ ਚੰਗੀ ਲਾਹੀ, ਪਰ ਕਿਸੇ ਸਾਥ ਲਈ ਦਿਲ ਅਜੇ ਵੀ ਭੁੱਖਾ ਸੀ।

ਡਾਕਟਰ ਲਾਲ ਨੂੰ ਹਿੰਦੁਸਤਾਨ ਵਿਚ ਦੁਖੀਆਂ ਦਾ ਦਰਦ ਖਿਚ ਲਿਆਇਆ ਸੀ। ਦਸ ਵਰ੍ਹੇ ਹੋ ਗਏ ਸਨ। ਕਈ ਵਾਰੀ ਚਿਤ ਵਲਾਇਤ ਮੁੜਨ ਨੂੰ ਕਰਦਾ ਸੀ। ਉਥੇ ਡਾਕਟਰ ਦੀ ਕਾਫ਼ੀ ਜਾਇਦਾਦ ਸੀ, ਡਾਕਟਰ ਮੁਕਤੀ ਫ਼ੌਜ ਕੋਲੋਂ ਕੋਈ ਤਨਖ਼ਾਹ ਨਹੀਂ ਸੀ ਲੈਂਦਾ, ਸਗੋਂ ਦਵਾਈਆਂ ਦਾ ਸਾਰਾ ਖ਼ਰਚ ਆਪ ਕਰਦਾ ਸੀ।

ਪ੍ਰਭਾ, ਚਿਤਰੰਜਨ ਤੇ ਡਾਕਟਰ ਲਾਲ, ਤਿੰਨਾਂ ਨੂੰ ਨਵੀਂ ਦੁਨੀਆ ਲੱਭ ਪਈ। ਬੁੱਢੇ ਹਥ ਜਵਾਨ ਹਥਾਂ ਵਿਚ ਘੁੱਟੇ ਹੋਏ ਜਦੋਂ ਲਾਲ ਤੇ ਪ੍ਰਭਾ ਕੰਪਨੀ ਬਾਗ਼ ਵਿਚ ਸੈਰ ਕਰਦੇ ਸਨ, ਉਨ੍ਹਾਂ ਦਾ ਅੰਦਰਲਾ ਸ੍ਵਰਗ ਬਾਹਰ ਪਿਆ ਖਿਲਰਦਾ ਸੀ।

ਜਦੋਂ ਚਿਤਰੰਜਨ ਡਾਕਟਰ ਲਾਲ ਦੀ ਹਿੱਕ ਉੱਤੇ ਚੜ੍ਹ ਕੇ ਖੇਡਾਂ ਕਰਦਾ ਤੇ ਦੋਹਾਂ ਦੀਆਂ ਵਖੀਆਂ ਖਿੜ ਖਿੜ ਉਭਰਦੀਆਂ ਸਨ, ਤੇ ਪ੍ਰਭਾ ਕੋਲ ਖੜੋਤੀ ਜ਼ੋਰ ਨਾਲ ਤਾੜੀਆਂ ਵਜਾਂਦੀ ਤੇ ਨੌਕਰ ਤਮਾਸ਼ਾ ਵੇਖਦੇ ਸਨ — ਆਸੋਂ ਪਾਸੋਂ ਲੋਕ ਕੰਨ ਝਪੱਕੇ ਲੈਂਦੇ ਸਨ ਕਿ ਬੁੱਢੇ ਡਾਕਟਰ ਦੇ ਘਰ ਕੀ ਹੋ ਗਿਆ।

ਪ੍ਰਭਾ ਨੂੰ ਯਕੀਨ ਤੇ ਇਹੋ ਸੀ ਕਿ ਉਹਦੀ ਮੰਜ਼ਲ ਅਪੜ ਪਈ ਹੈ, ਉਹਦਾ ਚਿਤਰੰਜਨ ਵੀ ਪਲ ਜਾਇਗਾ ਤੇ ਆਪ ਵੀ ਲੋਕ-ਸੇਵਾ ਲਈ ਆਪਣੀ ਸਾਰੀ ਵਿਦਿਆ ਤੇ ਸੁਚੱਜ ਵਰਤ ਸਕੇਗੀ, ਪਰ ਲੋਕਾਂ ਦਾ ਇਹ ਯਕੀਨ ਅਜੇ ਪੱਕਾ ਨਹੀਂ ਸੀ, ਉਨ੍ਹਾਂ ਨੂੰ ਅਜੇ ਭਰੋਸਾ ਹੈ ਸੀ ਕਿ ਉਹ ਪ੍ਰਭਾ ਦੇ ਬੁਲ੍ਹਾਂ ਨਾਲ ਲਗਾ ਹਯਾਤ-ਪਿਆਲਾ ਛੁਲਕਾ ਸਕਦੇ ਸਨ। ਜੇ ਸਾਰਾ ਨਾ ਡੁਲ੍ਹ ਸਕਿਆ ਤਾਂ ਕੁਝ ਘੁਟ ਤੇ ਖਲਾਰ ਹੀ ਸਕਣਗੇ।

ਇਕ ਦੇ ਮੂੰਹੋਂ ਨਿਕਲ ਦੂਜੇ ਦੀ ਕੰਨੀ ਪਹੁੰਚ, ਤੀਜੇ ਦੇ ਮੂੰਹੋਂ ਕਹਾਣੀ ਬਣ ਕੇ ਪ੍ਰਭਾ ਤੇ ਡਾਕਟਰ ਦੀਆਂ ਗੱਲਾਂ ਉੱਡਣ ਲਗ ਪਈਆਂ। ਕਿਸੇ ਆਖਿਆ ਅਨਹੋਣੀ ਗੱਲ ਹੈ, ਪਰ ਦੂਜੇ ਆਖਿਆ, ਉਹਦਾ ਹੱਕ ਕੀ ਹੈ ਕਿ ਹਿੰਦੂ ਲੜਕੀ ਨੂੰ ਆਪਣੇ ਘਰ ਰਖ ਰਿਹਾ ਹੈ। ਕਿਸੇ ਆਖਿਆ ਉਸ ਨੇ ਉਹਨੂੰ ਅੰਦਰੋਂ ਅੰਦਰ ਬਪਤਿਸਮਾ ਦੇ ਲਿਆ ਹੈ। ਉਹ ਈਸਾਈ ਬਣ

ਚੁਕੀ ਹੈ। ਕਿਸੇ ਨੇ ਰੌਲਾ ਪਾਇਆ ਕਿ ਉਹਨੂੰ ਗਊ-ਮਾਸ ਖੁਆਇਆ ਗਿਆ ਹੈ। ਇਸ ਗੱਲ ਦੀ ਕਿਸੇ ਪ੍ਰਵਾਹ ਨਾ ਕੀਤੀ ਕਿ ਡਾਕਟਰ ਲਾਲ ਤੇ ਮੁਕਤੀ ਫ਼ੌਜ ਵਾਲੇ ਮਾਸ ਖਾਂਦੇ ਹੀ ਨਹੀਂ, ਪਰ ਸਚਿਆਈ ਨਾਲ ਕਿਦਾ ਸਰੋਕਾਰ ? ਮਨੋਰਥ ਤੇ ਇਹ ਸੀ ਕਿ ਹਿੰਦੂ ਕੁੜੀ ਈਸਾਈ ਦੇ ਘਰੋਂ ਮੋੜੀ ਜਾਏ।

ਹਿੰਦੂਆਂ ਦੇ ਛੁਟ, ਸਿਖ ਵੀ ਦਾਅਵਾ ਕਰ ਰਹੇ ਸਨ। ਉਹ ਕਹਿੰਦੇ ਸਨ, ਉਹ ਹਰੀਮੰਦਰ ਵਿਚ ਇੱਟਾਂ ਢੋ ਰਹੀ ਸੀ, ਏਸ ਲਈ ਉਹ ਸਿਖ ਸੀ, ਚੂੰਕਿ ਗੁਰਦੁਆਰੇ ਦੀਆਂ ਇੱਟਾਂ ਨਾਲ ਲਹੂ-ਲੁਹਾਨ ਹੋਈ ਸੀ, ਏਸ ਲਈ ਸਿੱਖਾਂ ਦਾ ਹੱਕ ਸ਼ੁਬਾ ਬਹੁਤਾ ਸੀ।

ਬੜਾ ਸ਼ੋਰ ਮਚ ਗਿਆ। ਕੌਂਸਲਾਂ ਵਿਚ ਸਵਾਲ ਪੇਸ਼ ਹੋਣ ਲਗੇ। ਡਿਪਟੀ ਕਮਿਸ਼ਨਰ ਨੂੰ ਦਰਖ਼ਾਸਤ ਦਿੱਤੀ ਗਈ। ਹਜ਼ਾਰਾਂ ਆਦਮੀਆਂ ਦੇ ਦਸਖ਼ਤ ਕਰਾਏ ਗਏ।

ਪਰ ਇਹ ਕੋਈ ਭਾਈਚਾਰਾ ਤੇ ਨਹੀਂ ਸੀ, ਕੋਈ ਧਾਰਮਕ ਸਕੂਲ ਜਾਂ ਮੰਦਰ ਗੁਰਦੁਆਰਾ ਤੇ ਨਹੀਂ ਸੀ, ਜਿਥੇ ਭੀੜ ਦੇ ਰੌਲੇ ਜਾਂ ਝੂਠੇ ਸਚੇ ਦਸ-ਖ਼ਤਾਂ ਨਾਲ ਅਦਲ ਕੀਤਾ ਜਾਂਦਾ। ਇਹ, ਸੋਚ ਸਕਣ ਵਾਲੇ ਕਿਸੇ ਅਫ਼ਸਰ ਦੀ ਕਚਹਿਰੀ ਸੀ। ਡਿਪਟੀ ਕਮਿਸ਼ਨਰ ਡਾਕਟਰ ਲਾਲ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਸਾਰਾ ਸ਼ਹਿਰ ਡਾਕਟਰ ਦੀਆਂ ਮਿਹਰਬਾਨੀਆਂ ਦੇ ਹੇਠਾਂ ਸੀ। ਡਿਪਟੀ ਕਮਿਸ਼ਨਰ ਨੇ ਪ੍ਰਭਾ ਨੂੰ ਬੁਲਾਇਆ, ਪ੍ਰਭਾ ਦਾ ਖ਼ੁਦ-ਮੁਖ਼ਤਾਰ ਚਿਹਰਾ ਤੇ ਉਹਦੇ ਬੋਲ ਦੀ ਗੰਭੀਰਤਾ ਵੇਖ ਕੇ ਡਿਪਟੀ ਕਮਿਸ਼ਨਰ ਦੰਗ ਰਹਿ ਗਿਆ। ਪ੍ਰਭਾ ਨੇ ਆਪਣੀ ਕਹਾਣੀ ਦਾ ਆਰੰਭ ਤਾਂ ਨਾ ਦਸਿਆ, ਪਰ ਦਿੱਲੀ ਤੋਂ ਲੈ ਕੇ ਅਮ੍ਰਿਤਸਰ ਤਕ ਸਾਰੀਆਂ ਗਲਾਂ ਸਾਫ਼ ਸਾਫ਼ ਦਸ ਦਿੱਤੀਆਂ, ਤੇ ਆਖਿਆ।

"ਇਸ ਭਾਈਚਾਰੇ ਦਾ ਮੇਰੀ ਸੁਤੰਤ੍ਰਤਾ ਉਤੇ ਕੋਈ ਹੱਕ ਨਹੀਂ। ਜੇ ਤੁਹਾਡਾ ਇਨਸਾਫ਼ ਮੈਨੂੰ ਮੇਰੇ ਪਿਆਰੇ ਪੂਜਯ ਪਿਤਾ ਡਾਕਟਰ ਲਾਲ ਦੀ ਪਨਾਹੋਂ ਕਢ ਕੇ ਫੇਰ ਇਨ੍ਹਾਂ ਮੇਰੇ ਜਮਾਂ ਦੇ ਹਵਾਲੇ ਕਰ ਦੇਵੇਗਾ, ਤਾਂ ਮੈਂ ਜਿਉਂ-

ਦਿਆਂ ਰਹਿਣੋ ਇਨਕਾਰ ਕਰ ਦਿਆਂਗੀ – ਇਹ ਮੇਰੀ ਬਰਦਾਸ਼ਤ ਦੀ ਹੱਦ ਹੈ।"

"ਕੀ ਤੁਸੀ ਈਸਾਈ ਧਰਮ ਕਬੂਲ ਕਰ ਲਿਆ ਹੈ ?" ਡਿਪਟੀ ਕਮਿਸ਼ਨਰ ਨੇ ਆਪਣੀ ਫ਼ਾਈਲ ਮੁਕੰਮਲ ਕਰਨ ਲਈ ਪ੍ਰਭਾ ਕੋਲੋਂ ਪੁੱਛਿਆ।

"ਨਾ ਕੀਤਾ ਹੈ, ਨਾ ਕਰਾਂਗੀ – ਤੇ ਨਾ ਕਿਸੇ ਹੋਰ ਧਰਮ ਨੂੰ ਹੀ ਮੈਂ ਆਪਣੀ ਜਿੰਦ ਦੇ ਸਕਦੀ ਹਾਂ – ਜੇ ਜਿਊਣ ਦਿਉਗੇ ਤਾਂ ਆਪਣੀ ਮਰਜ਼ੀ ਨਾਲ ਜੀਵਾਂਗੀ – ਨਹੀਂ ਤੇ ਜਿਊਣੋਂ ਮੇਰਾ ਇਨਕਾਰ ਹੈ।" ਪ੍ਰਭਾ ਦਾ ਦ੍ਰਿੜ੍ਹ ਇਰਾਦਾ ਉਹਦੇ ਪਤਲੇ ਜਿਹੇ ਲੰਮੇ ਸਰੀਰ ਨੂੰ ਸਿਰ ਤੋਂ ਪੈਰਾਂ ਤਕ ਕੰਬਾ ਰਿਹਾ ਸੀ।

ਡਿਪਟੀ ਕਮਿਸ਼ਨਰ ਕੁਰਸੀ ਤੋਂ ਉਠ ਬੈਠਾ। ਡੈਸ ਤੋਂ ਉੱਤਰ ਕੇ ਪ੍ਰਭਾ ਕੋਲ ਗਿਆ। ਉਹਦੇ ਨਾਲ ਹਥ ਮਿਲਾਇਆ ਤੇ ਬੜੇ ਸਤਿਕਾਰ ਨਾਲ ਭਰੋਸਾ ਦਿਵਾਇਆ।

"ਤੁਸੀ ਡਾਕਟਰ ਲਾਲ ਕੋਲ ਹੀ ਰਹੋਗੇ – ਜਾਹਿਲ ਲੋਕਾਂ ਦਾ ਤਅੱਸਬ ਜੇ ਫ਼ਸਾਦ ਦੀ ਸ਼ਕਲ ਵੀ ਅਖ਼ਤਿਆਰ ਕਰ ਲਵੇ, ਤਾਂ ਵੀ ਸਰਕਾਰ ਦੀਆਂ ਸਾਰੀਆਂ ਤਾਕਤਾਂ ਤੁਹਾਡੀ ਸੁਤੰਤ੍ਰਤਾ ਦੀ ਰਾਖੀ ਕਰਨ ਗੀਆਂ – ਤੁਹਾਡੇ ਨਾਲ ਮਿਲਣਾ ਮੈਂ ਆਪਣੀ ਇੱਜ਼ਤ ਸਮਝਦਾ ਹਾਂ – ਗੁਡਬਾਈ – ਮਿਸਿਜ਼ ਗੁਪਤਾ – (ਪੁਲੀਸ ਕਪਤਾਨ ਨੂੰ) ਤੇ ਤੁਸੀ ਇਹਨਾਂ ਨੂੰ ਡਾਕਟਰ ਲਾਲ ਦੀ ਕੋਠੀ ਪੁਚਾ ਕੇ ਆਵੋ, ਤੇ ਸਭ ਜ਼ਰੂਰੀ ਇਹਤਿਆਤਾਂ ਅਮਲ ਵਿਚ ਲਿਆਵੋ...... ......।"

A very good book and One should read it
How a beloved knowingly walks into
going to marry death but she fulfils the
choice of her beloved and marry
for ever.
A. Singh
Bee final year
1964–65



ਲੋਕਾਂ ਨੇ ਡਾਕਟਰ ਲਾਲ ਦੇ ਬਾਈਕਾਟ ਦਾ ਸ਼ੋਰ ਮਚਾਇਆ। ਪਰ ਉਹ ਕਿਹੜਾ ਕਿਸੇ ਕੋਲੋਂ ਫ਼ੀਸ ਲੈਂਦਾ ਸੀ। ਜਿਨ੍ਹਾਂ ਰੋਗੀਆਂ ਦੀ ਸੇਵਾ ਲਈ ਉਹ ਏਸ ਦੇਸ ਵਿਚ ਬੈਠਾ ਸੀ, ਉਹ ਉਹਨੂੰ ਕਦੇ ਬਾਈਕਾਟ ਕਰ ਹੀ ਨਹੀਂ ਸਨ ਸਕਦੇ। ਹੁਣ ਸਗੋਂ ਪ੍ਰਭਾ ਦੀ ਪ੍ਰੇਰਨਾ ਨਾਲ ਉਸ ਨੇ ਵਿਲਾਇਤ ਦੀ ਜਾਇਦਾਦ ਸਭ ਵੇਚ ਦਿੱਤੀ। ਉਸ ਰੁਪਏ ਨਾਲ ਏਥੇ ਇਕ ਨਰਸਿੰਗ ਹੋਮ (ਸ਼ਫ਼ਾਖ਼ਾਨਾ) ਖੋਹਲ ਦਿੱਤਾ। ਦੁਖੀ ਇਸਤ੍ਰੀਆਂ ਲਈ ਡਾਕਟਰ ਲਾਲ ਦਾ ਹੋਮ ਇਕ ਸ੍ਵਰਗ ਸੀ। ਇਸ ਦੇ ਛੁਟ ਪ੍ਰਭਾ ਨੇ ਭਾਈਚਾਰੇ ਦੀਆਂ ਮਜ਼ਲੂਮ ਇਸਤ੍ਰੀਆਂ ਨੂੰ ਪਨਾਹ ਦਿੱਤੀ। ਉਨ੍ਹਾਂ ਲਈ ਇਕ ਬੜੇ ਵਡੇ ਪੈਮਾਨੇ ਤੇ ਦਰਜ਼ੀ-ਸ਼ਾਪ ਖੋਹਲੀ। ਹਰੇਕ ਲੋੜਵੰਦ ਇਸਤ੍ਰੀ ਨੂੰ ਕੰਮ ਤੇ ਪਨਾਹ ਮਿਲਦੀ ਸੀ।

ਪ੍ਰਭਾ ਦੇ ਹਥਾਂ ਵਿਚ ਤੰਦਰੁਸਤੀ ਦੀ ਸ਼ੁਹਰਤ ਚੁਤਰਫੀ ਫੈਲ ਗਈ, ਦੂਰੋਂ ਦੂਰੋਂ ਉਹਨੂੰ ਬਿਨੈ ਪੱਤਰ ਆਉਂਦੇ ਸਨ। ਪਰ ਪ੍ਰਭਾ ਘਟ ਹੀ ਬਾਹਰ ਜਾਂਦੀ ਸੀ, ਉਹਦੇ ਲੋਕਲ ਬੀਮਾਰ ਤੇ ਲੋੜਵੰਦ ਇਸਤ੍ਰੀਆਂ ਉਹਨੂੰ ਬਾਹਰ

ਨਹੀਂ ਸਨ ਜਾਣ ਦੇਂਦੀਆਂ, ਪਰ ਡਾਕਟਰ ਲਾਲ ਨੂੰ ਡੇਹਰਾਦੂਨ ਤੋਂ ਇਕ ਮਿੱਤਰ ਦੇ ਬੀਮਾਰ ਹੋਣ ਦੀ ਤਾਰ ਆਈ। ਡਾਕਟਰ ਲਾਲ ਨੇ ਪ੍ਰਭਾ ਨੂੰ ਜਾਣ ਲਈ ਆਖਿਆ, ਕਿਉਂਕਿ ਉਹ ਹੁਣ ਚਿਤਰੰਜਨ ਨਾਲ ਅਜਿਹਾ ਪਰਚਿਆ ਸੀ, ਕਿ ਕਿਤੇ ਵੀ ਜਾਣਾ ਨਹੀਂ ਸੀ ਚਾਹੁੰਦਾ, ਤੇ ਨਾਲੇ ਪ੍ਰਭਾ ਦੀ ਪ੍ਰੀਤ-ਪੈਥੀ ਦੇ ਨਤੀਜੇ ਉਹਦੀ ਐਲੋਪੈਥੀ ਨਾਲੋਂ ਚੰਗੇ ਨਿਕਲ ਰਹੇ ਸਨ।

ਮੁੜਦੀ ਵਾਰੀ ਜਦੋਂ ਪ੍ਰਭਾ ਸਹਾਰਨ ਪੁਰੋਂ ਗੱਡੀ ਬਦਲਣ ਲਗੀ, ਤਾਂ ਜਿਸ ਕੁਲੀ ਨੇ ਉਹਦਾ ਅਸਬਾਬ ਚੁੱਕਿਆ ਸੀ, ਉਹ ਕਿਤੇ ਗ਼ਾਇਬ ਹੋ ਗਿਆ। ਪ੍ਰਭਾ ਨੇ ਕੁਲੀ ਦਾ ਨੰਬਰ ਨੋਟ ਨਹੀਂ ਸੀ ਕੀਤਾ। ਸਟੇਸ਼ਨ ਮਾਸਟਰ ਨੇ ਬੜਾ ਅਫ਼ਸੋਸ ਕੀਤਾ ਪਰ ਉਸ ਕੁਲੀ ਦਾ ਗੱਡੀ ਆਉਣ ਤਕ ਪਤਾ ਕਰਨਾ ਬੜਾ ਮੁਸ਼ਕਲ ਕੰਮ ਸੀ, ਪਰ ਫੇਰ ਉਸ ਨੂੰ ਇਕ ਗਲ ਚੇਤੇ ਆਈ : "ਆਪ ਵੇਟਿੰਗ ਰੂਮ ਵਿਚ ਆਰਾਮ ਕਰੋ, ਮੈਂ ਇੰਤਜ਼ਾਮ ਕਰਦਾ ਹਾਂ – ਅਸਬਾਬ ਜ਼ਰੂਰ ਮਿਲ ਜਾਇਗਾ।"

ਪ੍ਰਭਾ ਵੇਟਿੰਗ ਰੂਮ ਵਿਚ ਚਲੀ ਗਈ, ਤਾਂ ਉਸ ਨੇ ਸੁਖਰਾਜ ਕੁਲੀ ਨੂੰ ਬੁਲਾਇਆ ਤੇ ਉਹਨੂੰ ਪ੍ਰਭਾ ਦੇ ਅਸਬਾਬ ਗੁਆਚਣ ਬਾਬਤ ਦਸਿਆ।

"ਮੈਨੂੰ ਏਸ ਗਲ ਦੀ ਬੜੀ ਸ਼ਰਮ ਹੈ – ਪਰ ਤੁਸੀ ਜੇ ਲੋੜ ਪਵੇ ਤਾਂ ਦਸ ਮਿੰਟ ਗੱਡੀ ਲੇਟ ਕਰ ਦੇਣੀ – ਮੈਂ ਸਾਰੇ ਆਪਣੇ ਕੁਲੀਆਂ ਨੂੰ ਇਕੱਠਾ ਕਰਦਾ ਹਾਂ – ਤੇ ਅਸਬਾਬ ਕਢਾਂਦਾ ਹਾਂ।" ਸੁਖਰਾਜ ਨੇ ਆਖਿਆ।

ਸਟੇਸ਼ਨ ਮਾਸਟਰ ਖ਼ੁਸ਼ੀ ਖ਼ੁਸ਼ੀ ਪ੍ਰਭਾ ਦੀ ਪ੍ਰਸੰਸਾ ਲੈਣ ਲਈ ਉਹਦੇ ਕੋਲ ਗਿਆ ਤੇ ਉਸ ਨੇ ਉਹਨੂੰ ਦਸਿਆ ਕਿ ਸੁਖਰਾਜ ਕੁਲੀਆਂ ਦਾ ਲੀਡਰ ਹੈ। ਸਾਰੇ ਕੁਲੀ ਉਹਦੇ ਤੋਂ ਜਾਨ ਦੇਂਦੇ ਹਨ। ਉਸ ਨੇ ਏਥੋਂ ਦੇ ਸਾਰੇ ਕੁਲੀਆਂ ਦਾ ਇਕ ਯੂਨੀਅਨ ਬਣਾਇਆ ਹੋਇਆ ਹੈ। ਇਕ ਸਕੂਲ ਖੋਲ੍ਹਿਆ ਹੋਇਆ ਸੂ, ਤੇ ਇਕ ਸੰਜਮੀ ਸੁਸੈਟੀ। ਸਾਰੇ ਕੁਲੀਆਂ ਦਾ ਖਾਤਾ ਖੋਲ੍ਹਿਆ ਹੋਇਆ ਹੈ। ਇਹ ਕੋਈ ਨਵਾਂ ਮੂਰਖ ਹੋਵੇਗਾ ਜਿਸ ਨੇ ਇਹ ਕੰਮ ਕੀਤਾ ਹੈ। ਪਰ ਸੁਖਰਾਜ ਨੇ ਸਭ ਕੁਲੀਆਂ ਨੂੰ ਬੁਲਾਇਆ ਹੈ – ਤੇ ਜੇ ਲੋੜ ਪਈ ਤਾਂ ਗੱਡੀ ਵੀ ਦਸ ਮਿੰਟ ਅਟਕਾ ਲਈ ਜਾਵੇਗੀ।

ਪ੍ਰਭਾ ਬੜੀ ਖੁਸ਼ ਹੋਈ। ਇਕ ਤੇ ਉਹਦੇ ਬੈਗ ਵਿਚ ਉਹਦੇ ਪਿਛਲੇ ਪਿਆਰਾਂ ਦੀਆਂ ਯਾਦਾਂ ਸਨ – ਮਾਤਾ, ਪਿਤਾ, ਚਿਤਰੰਜਨ ਦੀਆਂ ਫ਼ੋਟੋ ਸਨ। ਦੂਜੇ ਸੁਖਰਾਜ ਵਰਗੇ ਕੁਲੀ ਨੂੰ ਉਹ ਵੇਖਣਾ ਚਾਹੁੰਦੀ ਸੀ। ਉਹ ਸੁਹਣੇ ਹਿਰਦਿਆਂ ਨੂੰ ਮਿਲ ਕੇ ਬੜੀ ਖੁਸ਼ ਹੁੰਦੀ ਸੀ।

ਸਟੇਸ਼ਨ ਮਾਸਟਰ ਚਲਾ ਗਿਆ, ਪਰ ਦਸਾਂ ਮਿੰਟਾਂ ਬਾਅਦ ਸੁਖਰਾਜ ਦੇ ਨਾਲ ਫੇਰ ਆ ਗਿਆ। ਸੁਖਰਾਜ ਦੇ ਸਿਰ ਉੱਤੇ ਪ੍ਰਭਾ ਦਾ ਅਸਬਾਬ ਚੁਕਿਆ ਹੋਇਆ ਸੀ। ਪ੍ਰਭਾ ਦੇ ਦਿਲ ਅੰਦਰ ਸੁਖਰਾਜ ਦੀ ਕਦਰ ਪਹਿਲੋਂ ਹੀ ਬਣ ਗਈ ਸੀ। ਜਦ ਸਟੇਸ਼ਨ ਮਾਸਟਰ ਨੇ ਉਹਦਾ ਨਾਮ ਦਸਿਆ ਤੇ ਉਠ ਕੇ ਉਸ ਨੇ ਹਥ ਜੋੜੇ। ਸੁਖਰਾਜ ਨੇ ਅਸਬਾਬ ਹੇਠਾਂ ਰਖ ਕੇ ਆਖਿਆ:

"ਤੁਸੀ, ਸਾਡੇ ਕੁਲੀ ਨੂੰ ਖਿਮਾ ਕਰ ਦੇਣਾ – ਇਹ ਨਵਾਂ ਆਦਮੀ ਸੀ – ਮੈਂ ਬੜਾ ਸ਼ਰਮਿੰਦਾ ਹਾਂ।"

ਪ੍ਰਭਾ ਨੇ ਬਟੂਏ ਵਿਚ ਹਥ ਪਾਇਆ, ਕੁਝ ਕੱਢਿਆ, ਪਰ ਜਦੋਂ ਸੁਖਰਾਜ ਦੇ ਮੂੰਹ ਵਲ ਤਕਿਆ, ਤਾਂ ਇਨਾਮ ਦੇਣ ਦਾ ਹੀਆ ਈ ਉਡ ਗਿਆ। ਪਰ ਛੇਤੀ ਸੰਭਲ ਕੇ ਉਸ ਨੇ ਆਖਿਆ:

"ਮੈਂ ਉਸ ਕੁਲੀ ਨੂੰ ਇਨਾਮ ਦੇਣਾ ਚਾਂਹਦੀ ਹਾਂ – ਉਹਦੀ ਮਜ਼ੂਰੀ ਵੀ ਮੇਰੇ ਵਲ ਹੈ –"

"ਨਹੀਂ, ਸ੍ਰੀ ਮਤੀ ਜੀ, ਆਪ ਜਲਦੀ ਕਰੋ, ਆਪ ਦੀ ਗੱਡੀ ਤਿਆਰ ਹੈ –" ਤੇ ਸੁਖਰਾਜ ਨੇ ਫੇਰ ਅਸਬਾਬ ਚੁੱਕ ਲਿਆ।

ਪ੍ਰਭਾ ਨੇ ਸਟੇਸ਼ਨ ਮਾਸਟਰ ਦਾ ਧੰਨਵਾਦ ਕੀਤਾ ਤੇ ਕੁਲੀ ਦੇ ਮਗਰ ਤੁਰ ਪਈ। ਕੁਲੀ ਨੇ ਅਸਬਾਬ ਗਡੀ ਵਿਚ ਚੜ੍ਹਾ ਦਿੱਤਾ। ਪ੍ਰਭਾ ਨੇ ਬਹੁਤੇ ਪੈਸੇ ਦੇਣੇ ਚਾਹੇ, ਪਰ ਕੁਲੀ ਨੇ ਇਕ ਆਨਾ ਲੈ ਕੇ, ਹਥ ਜੋੜੇ ਤੇ ਤੁਰ ਆਇਆ। ਪ੍ਰਭਾ ਦੇ ਚੜ੍ਹਦਿਆਂ ਹੀ ਗਾਰਡ ਨੇ ਗਡੀ ਤੋਰ ਦਿੱਤੀ, ਪਰ ਜਦੋਂ ਤੁਰ ਪਈ ਤਾਂ ਸੁਖਰਾਜ ਖੜੋ ਗਿਆ, ਮੂੰਹ ਭੁਆ ਕੇ ਜਾਂਦੀ ਗਡੀ ਵਲ ਤਕਦਾ ਰਿਹਾ। ਪ੍ਰਭਾ ਵੀ ਧੌਣ ਬਾਹਰ ਕੱਢੀ ਉਸੇ ਵਲ ਵੇਖ ਰਹੀ ਸੀ।

ਸੋਚਦੀ ਹੋਵੇਗੀ, ਕਿਹਾ ਅਨੋਖਾ ਕੁਲੀ ਹੈ, ਇਹਦੀ ਬੋਲੀ ਕਿਹੋ ਜਿਹੀ ਸੁਸ਼ੀਲ ਹੈ, ਇਹਦੇ ਲਫ਼ਜ਼ ਕਿੰਨੇ ਖੇੜੇ ਤੇ ਕੇਡੇ ਅਸਰ ਭਰੇ ਹਨ।

ਇਹ ਕੁਲੀ ਪ੍ਰਭਾ ਨੂੰ ਬੜਾ ਚਿਰ ਯਾਦ ਰਿਹਾ। ਉਹਦਾ ਕਈ ਵਾਰੀ ਜੀਅ ਕੀਤਾ ਕਿ ਉਹ ਫੇਰ ਸਹਾਰਨਪੁਰ ਜਾਏ ਤੇ ਉਸ ਕੁਲੀ ਦੇ ਸਾਰੇ ਕੰਮਾਂ ਦਾ ਮੁਤਾਲਿਆ ਕਰੇ। ਪਰ ਬੀਮਾਰ ਉਹਨੂੰ ਕਿਤੇ ਨਿਕਲਣ ਦਾ ਸਮਾ ਨਾ ਦੇਂਦੇ। ਕੁਝ ਦਿਨਾਂ ਤੋਂ ਬੜੀ ਦੂਰੋਂ ਇਕ ਬਿਰਧ ਇਸਤ੍ਰੀ ਤੇ ਉਹਦਾ ਪਤੀ ਪ੍ਰਭਾ ਦੀ ਸ਼ੁਹਰਤ ਸੁਣ ਕੇ ਇਲਾਜ ਲਈ ਆਏ ਹੋਏ ਸਨ। ਇਸਤ੍ਰੀ ਨੂੰ ਏਸ ਉਮਰ ਵਿਚ ਵੀ ਗ਼ਸ਼ੀ ਦੇ ਫ਼ਿਟ ਆਉਂਦੇ ਹੁੰਦੇ ਸਨ। ਪਤੀ ਬੜਾ ਅਮੀਰ ਸੀ, ਬੜੇ ਇਲਾਜ ਕਰਵਾ ਚੁਕਾ ਸੀ। ਪ੍ਰਭਾ ਨੇ ਵੇਖਦਿਆਂ ਹੀ ਇਹਨਾਂ ਨੂੰ ਪਛਾਣ ਲਿਆ ਸੀ; ਪਰ ਇਹ ਉਹਨੂੰ ਨਹੀਂ ਸਨ ਪਛਾਣ ਸਕੇ। ਪ੍ਰਭਾ ਦੀ ਹਾਦਸਿਆਂ ਭਰੀ ਜ਼ਿੰਦਗੀ ਨੇ ਚਿਹਰੇ ਉੱਤੇ ਕਈ ਨਵੀਆਂ ਲਕੀਰਾਂ ਪਾ ਦਿੱਤੀਆਂ ਸਨ, ਤੇ ਮਥੇ ਉਪਰਲੇ ਲੰਮੇ ਚੀਰ ਦੇ ਦਾਗ਼ ਨੇ ਸ਼ਕਲ ਚੋਖੀ ਬਦਲਾ ਦਿੱਤੀ ਸੀ।

ਪ੍ਰਭਾ ਨੇ ਇਸਤ੍ਰੀ ਕੋਲੋਂ ਬੀਮਾਰੀ ਦਾ ਸਾਰਾ ਹਾਲ ਪੁਛਿਆ।

"ਕੋਈ ਰੋਗ ਨਹੀਂ, ਤਾਪ ਨਹੀਂ, ਧੀਏ", ਇਸਤ੍ਰੀ ਨੇ ਆਖਿਆ, "ਐਵੇਂ ਬੈਠੀ ਬੈਠੀ ਨੂੰ ਗ਼ਸ਼ ਆ ਜਾਂਦੇ ਨੇ – ਹੁਣ ਤਿੰਨਾਂ ਸਾਲਾਂ ਦੇ ਕੁਝ ਵਧੇਰੇ ਆਉਂਦੇ ਨੇ – ਇਲਾਜ ਦੀ ਲੋੜ ਤੇ ਕੋਈ ਨਹੀਂ, ਪਰ ਹੁਣ ਰਾਓ ਸਾਹਿਬ ਮੇਰਾ ਬੜਾ ਖ਼ਿਆਲ ਕਰਦੇ ਨੇ – ਥਾਂ ਥਾਂ ਵਿਖਾਂਦੇ ਫਿਰਦੇ ਨੇ।"

"ਇਹਦੇ ਸਿਵਾ ਮੇਰਾ ਕੋਈ ਹੋਰ ਏਸ ਦੁਨੀਆਂ ਵਿਚ ਹੋਇਆ ਜੂ ਨਾ – ਮਿਸ ਸਾਹਿਬਾ – ਜਿੰਨੇ ਧਿਆਨ ਨਾਲ ਵੇਖ ਸਕਦੇ ਹੋ ਵੇਖੋ – ਜੇ ਇਹ ਰਾਜ਼ੀ ਹੋ ਜਾਵੇ, ਤਾਂ ਮੈਂ ਆਪਣੀ ਸਾਰੀ ਜਾਇਦਾਦ ਤੁਹਾਡੇ ਨਰਸਿੰਗ ਹੋਮ ਨੂੰ ਦੇ ਦਿਆਂਗਾ –" ਰਾਓ ਸਾਹਿਬ ਨੇ ਆਖਿਆ।

"ਆਪ ਮੈਨੂੰ ਇਹਨਾਂ ਦੇ ਰੋਗ ਦੀ ਸਾਰੀ ਹਿਸਟਰੀ ਸੁਣਾਉ – ਮੈਨੂੰ ਆਸ ਹੈ ਇਹ ਰਾਜ਼ੀ ਹੋ ਜਾਣਗੇ।" ਪ੍ਰਭਾ ਨੇ ਆਖਿਆ।

"ਕੀ ਦਸਾਂ, ਮਿਸ ਸਾਹਿਬਾ", ਰਾਓ ਸਾਹਿਬ ਨੇ ਗਲੇਡੂ ਭਰ ਲਏ,

"ਪਹਿਲੋਂ ਮੈਂ ਇਹਨਾਂ ਵਲ ਬੜਾ ਘਟ ਧਿਆਨ ਦੇਂਦਾ ਸਾਂ – ਸਦਾ ਸਰ-ਕਾਰੀ ਕੰਮਾਂ ਜਾਂ ਕਲੱਬਾਂ ਵਿਚ ਰਹਿੰਦਾ ਸਾਂ - ਵੀਹ ਵਰ੍ਹੇ ਸਾਡੇ ਘਰ ਕੋਈ ਸੰਤਾਨ ਨਾ ਹੋਈ। ਇਕ ਵਾਰੀ ਸਾਡੀ ਗੁਆਂਢ ਦੀ ਕੋਠੀ ਇਕ ਅੰਗਰੇਜ਼ ਜੋੜਾ ਆ ਵਸਿਆ। ਉਹਦੀ ਮੇਮ ਨਾਲ ਇਹਨਾਂ ਦਾ ਬੜਾ ਪਿਆਰ ਹੋ ਗਿਆ – ਤੁਸੀ ਡਾਕਟਰ ਹੋ, ਤੁਹਾਡੇ ਕੋਲੋਂ ਕੋਈ ਗਲ ਲੁਕਾਣੀ ਤੇ ਨਹੀਂ ਨਾ –"

"ਨਹੀਂ ਜੀ, ਮੇਰਾ ਇਲਾਜ ਹੀ ਦਿਲ ਦੀਆਂ ਅੰਦਰਲੀਆਂ, ਕਾਰ-ਵਾਈਆਂ ਤੋਂ ਜਾਣੂ ਹੋਣ ਬਾਦ ਸ਼ੁਰੂ ਹੁੰਦਾ ਹੈ – ਆਪ ਬਿਨਾ ਸੰਙ ਸੰਕੋਚ ਹਾਲ ਦਸੋ – ਮੈਂ ਐਸ ਵੇਲੇ ਇਸਤ੍ਰੀ ਨਹੀਂ – ਡਾਕਟਰ ਹਾਂ।"

"ਇਕ ਦਿਨ ਇਹ ਮੇਮ ਦੇ ਘਰੋਂ ਬੜੇ ਲਾਲੋ ਲਾਲ ਆਏ। ਮੈਂ ਉਸ ਵੇਲੇ ਵਿਹਲਾ ਹੀ ਡਰਾਇੰਗ-ਰੂਮ ਵਿਚ ਬੈਠਾ ਸਾਂ। ਮੇਰੇ ਕੋਲ ਆ ਗਏ। ਮੈਂ ਇਹਨਾਂ ਦੀ ਲਾਲੀ ਦਾ ਕਾਰਨ ਪੁੱਛਿਆ, ਇਹ ਹਸ ਕੇ ਮੇਰੇ ਗਲ ਨਾਲ ਲਿਪਟ ਗਏ – ਮੈਂ ਫੇਰ ਪੁੱਛਿਆ – ਇਹਨਾਂ ਨੇ ਦਸਿਆ ਕਿ ਅਜ ਉਸ ਮੇਮ ਨੇ ਮੇਰਾ ਮੂੰਹ ਇਸ ਤਰ੍ਹਾਂ ਚੁੰਮਿਆ ਹੈ, ਕਿ ਮੇਰੇ ਹੋਠ ਪੰਘਰ ਗਏ ਹਨ – ਤੇ ਮੈਨੂੰ ਹੁਣ ਪਤਾ ਲਗ ਗਿਆ ਹੈ, ਕਿ ਕਿਉਂ ਅਜੇ ਤਕ ਸਾਡੇ ਘਰ ਸੰਤਾਨ ਨਹੀਂ ਹੋਈ – ਕਿਉਂ ਕਿ ਤੁਹਾਨੂੰ ਕਦੇ ਉਹਦੇ ਵਾਂਗ ਮੇਰਾ ਮੂੰਹ ਚੁੰਮਣ ਦੀ ਵਿਹਲ ਨਹੀਂ ਮਿਲੀ'..................ਉਸ ਦਿਨ ਦੇ ਬਾਅਦ ਦਸਾਂ ਮਹੀਨਿਆਂ ਦੇ ਅੰਦਰ ਸਾਡੇ ਘਰ ਵਿਚ ਬੱਚੀ ਆਈ। ਇਨ੍ਹਾਂ ਨੂੰ ਇਨ੍ਹਾਂ ਮਹੀਨਿਆਂ ਵਿਚ ਕਦੇ ਫ਼ਿਟ ਨਹੀਂ ਸੀ ਆਇਆ – ਕਈ ਵਰ੍ਹੇ ਇਹ ਉਸ ਬੱਚੀ ਨਾਲ ਪਰਚੇ ਰਹੇ, ਤੇ ਕੋਈ ਫ਼ਿਟ ਨਾ ਆਇਆ। ਮੇਰੀ ਤਰੱਕੀ ਹੁੰਦੀ ਗਈ, ਖ਼ਿਤਾਬ ਮਿਲਦੇ ਗਏ, ਮੈਂ ਐਸਾ ਕੰਮ ਦਾ ਕੀੜਾ ਬਣਿਆ, ਕਿ ਮੇਰਾ ਕੋਈ ਭਾਗ ਵੀ ਇਨ੍ਹਾਂ ਦੀ ਜ਼ਿੰਦਗੀ ਵਿਚ ਨਹੀਂ ਸੀ ਜਾਪਦਾ – ਇਨ੍ਹਾਂ ਨੂੰ ਫੇਰ ਫ਼ਿਟ ਸ਼ੁਰੂ ਹੋ ਗਏ। ਪਰ ਜਿਉਂ ਜਿਉਂ ਸਾਡੀ ਬੱਚੀ ਵਡੀ ਹੁੰਦੀ ਗਈ, ਇਨ੍ਹਾਂ ਨੂੰ ਸਾਬ ਲਭਦਾ ਗਿਆ, ਤੇ ਇਹ ਚੰਗੇ ਹੁੰਦੇ ਗਏ – ਪਰ ਉਹ ਬੱਚੀ ਬੀ. ਏ. ਵਿਚ

ਪੜ੍ਹਦੀ, ਬੜੀ ਸਿਆਣੀ, ਦਰਿਆ ਵਿਚ ਡਿਗ ਪਈ, ਉਹਨੂੰ ਸੰਸਾਰ ਖਾ ਗਿਆ – ਉਹਦੇ ਬਾਅਦ ਤੋਂ ਇਨ੍ਹਾਂ ਦਾ ਇਹ ਹਾਲ ਹੈ ਕਿ..............।"

ਰਾਓ ਸਾਹਿਬ ਦੇ ਮੂੰਹ ਵਿਚ ਹੀ ਇਹ ਗੱਲ ਸੀ ਕਿ ਉਨ੍ਹਾਂ ਦੀ ਪਤਨੀ ਨੂੰ ਵਿਟ ਆ ਗਿਆ। ਪ੍ਰਭਾ ਨੇ ਰਾਓ ਸਾਹਿਬ ਨੂੰ ਬਾਹਰ ਭੇਜ ਦਿੱਤਾ। ਇਸਤ੍ਰੀ ਨੂੰ ਕੁਝ ਚਿਰ ਬਾਅਦ ਹੋਸ਼ ਆਈ, ਤਾਂ ਪ੍ਰਭਾ ਨੇ ਇਕ ਦਵਾਈ ਪਿਲਾਣ ਦੇ ਪਿਛੋਂ ਉਨ੍ਹਾਂ ਨੂੰ ਆਰਾਮ ਕੁਰਸੀ ਉੱਤੇ ਲਿਟਾ ਦਿੱਤਾ ਤੇ ਆਪ ਉਨ੍ਹਾਂ ਦੇ ਸਾਹਮਣੇ ਬੈਠ ਗਈ। ਉਨ੍ਹਾਂ ਦੀਆਂ ਤਲੀਆਂ ਆਪਣੀਆਂ ਤਲੀਆਂ ਵਿਚ ਫੜ ਲਈਆਂ, ਘੁੱਟੀਆਂ, ਝਸੀਆਂ, ਮੀਟੀਆਂ, ਖੋਹਲੀਆਂ ਤੇ ਫੇਰ ਉਨ੍ਹਾਂ ਦੀਆਂ ਅੱਖਾਂ ਵਿਚ ਮੁਸਕਰਾ ਕੇ ਆਖਿਆ –

"ਆਪ ਦੀ ਬੀਮਾਰੀ ਦੀ ਨਬਜ਼ ਮੈਂ ਟੋਹ ਲਈ ਹੈ – ਮੈਂ ਆਖਿਆ ਸੀ, ਮੈਂ ਤੁਹਾਨੂੰ ਰਾਜ਼ੀ ਕਰ ਦਿਆਂਗੀ – ਆਪ ਦਾ ਇਲਾਜ ਭਾਵੇਂ ਔਖਾ ਹੈ – ਪਰ ਮੈਂ ਜ਼ਰੂਰ ਕਰਾਂਗੀ", ਪ੍ਰਭਾ ਨੇ ਆਖਿਆ।

ਇਸਤ੍ਰੀ ਨੂੰ ਸੁਖ ਆ ਰਿਹਾ ਸੀ। ਪਰ ਉਸ ਆਖਿਆ "ਧੀਏ ਮੇਰਾ ਇਲਾਜ ਮੁਸ਼ਕਲ ਹੀ ਨਹੀਂ, ਅਨਹੋਣਾ ਹੈ।"

"ਮੈਂ ਸਭ ਕੁਝ ਜਾਣਦੀ ਹਾਂ – ਤੁਸੀ ਕਹਿਣਾ ਚਾਹੁੰਦੇ ਹੋ, ਕਿ ਤੁਹਾਡੀ ਬੀਮਾਰੀ ਤੁਹਾਡੀ ਪ੍ਰਭਾ ਦੀ ਮੌਤ ਹੈ, ਉਹ ਜਿਊ ਨਹੀਂ ਸਕਦੀ ਤੁਸੀ ਹਛੇ ਨਹੀਂ ਹੋ ਸਕਦੇ।"

ਪ੍ਰਭਾ ਦਾ ਨਾਮ ਸੁਣਦਿਆਂ ਇਸਤ੍ਰੀ ਢਾਸਣੇ ਤੋਂ ਉਠ ਬੈਠੀ :

"ਤੁਸੀ ਮੇਰੀ ਬੱਚੀ ਦਾ ਨਾਂ ਕੀਕਰ ਜਾਣਦੇ ਹੋ – ਅਸਾਂ ਇਕ ਵਾਰੀ ਵੀ ਤੁਹਾਡੇ ਸਾਹਮਣੇ ਮੂੰਹੋਂ ਨਹੀਂ ਕੱਢਿਆ।"

"ਪਰ ਪ੍ਰਭਾ ਨੂੰ ਤਾਂ ਆਪਣਾ ਨਾਂ ਬਿਨਾਂ ਦਸਿਆਂ ਵੀ ਆ ਸਕਦਾ ਹੈ।" ਤੇ ਪ੍ਰਭਾ ਆਪਣੀ ਮਾਤਾ ਦੇ ਗੱਲ ਨਾਲ ਚੰਬੜ ਗਈ। ਮਾਤ-ਅੱਖਾਂ ਨੇ ਪਛਾਣ ਲਿਆ। ਧੀ ਨੂੰ ਹਿਰਦੇ ਵਿਚ ਲੁਕਾ ਲਿਆ।

# ੧੨

ਕਈ ਮਹੀਨੇ ਹੋਰ ਲੰਘ ਗਏ। ਮਾਤਾ ਪਿਤਾ ਤੇ ਡਾਕਟਰ ਲਾਲ ਚਿਤਰੰਜਨ ਦੀਆਂ ਖੇਡਾਂ ਨਾਲ ਰਜਦੇ ਨਹੀਂ ਸਨ – ਇਹ ਚਾਰੇ ਸਾਰਾ ਸਾਰਾ ਦਿਨ ਚਮਨ ਵਿਚ ਖੇਡਦੇ ਰਹਿੰਦੇ – ਘੋੜਾ ਘੋੜਾ ਖੇਡਦੇ, ਗੇਂਦ ਛਿੱਕਾ ਖੇਡਦੇ, ਲੁਕਣ ਮੀਟੀ ਖੇਡਦੇ, ਛੁਹਣ ਛੁਹਾਈ ਖੇਡਦੇ।

ਪ੍ਰਭਾ ਦੀ ਵਿਹਲ ਦਿਨੋ ਦਿਨ ਘਟਦੀ ਗਈ। ਉਹਦੀ ਦਰਜ਼ੀ-ਸ਼ਾਖ ਵਿਚ ਕਈ ਇਸਤ੍ਰੀਆਂ ਆ ਗਈਆਂ, ਉਹਦੇ ਨਰਸਿੰਗ ਹੋਮ ਵਿਚ ਕਈ ਬੀਮਾਰ ਆਉਂਦੇ ਤੇ ਰਾਜ਼ੀ ਹੋ ਹੋ ਅਸੀਸਾਂ ਦੇਂਦੇ। ਉਹ ਬਾਹਰ ਵੀ ਬੀਮਾਰਾਂ ਨੂੰ ਵੇਖਣ ਜਾਂਦੀ। ਇਕ ਬੀਮਾਰ ਨੇ ਇਕ ਦਿਨ ਉਹਦੇ ਹਥ ਚੁੰਮ ਕੇ ਉਹਨੂੰ ਉਹ ਸੀਊਣ ਵਾਲੀ ਮਸ਼ੀਨ ਵਿਖਾਈ, ਜਿਹੜੀ ਕਦੇ ਪ੍ਰਭਾ ਦੀ ਚੋਰੀ ਹੋ ਗਈ ਸੀ। ਉਸ ਬੀਮਾਰ ਨੇ ਆਪਣੀਆਂ ਕਰਨੀਆਂ ਦੀ ਖਿਮਾ ਮੰਗੀ। ਪਰ ਏਡੀ ਕਮ-ਫ਼ੁਰਸਤੀ ਵਿਚ ਵੀ ਉਹਨੂੰ ਸਹਾਰਨ ਪੁਰ ਦੇ ਕੁਲੀ ਦਾ ਖ਼ਿਆਲ ਆ ਜਾਂਦਾ ਸੀ। ਓੜਕ ਇਕ ਵਰ੍ਹੇ ਮਗਰੋਂ ਉਸ, ਵਕਤ ਕੱਢ ਹੀ ਲਿਆ ਤੇ ਸਹਾਰਨ ਪੁਰ ਚਲੀ ਗਈ। ਪਰ ਸੁਖਰਾਜ ਉਥੇ ਨਹੀਂ ਸੀ।

ਸਟੇਸ਼ਨ ਮਾਸਟਰ ਨੇ ਦਸਿਆ ਕਿ ਕਈ ਵਰ੍ਹਿਆਂ ਤੋਂ ਉਹ ਉਥੇ ਕੁਲੀ ਦਾ ਕੰਮ ਕਰ ਰਿਹਾ ਸੀ, ਕੁਲੀਆਂ ਦਾ ਲੀਡਰ ਸੀ, ਸੰਜਮੀ ਸੁਸਾਇਟੀ ਵਿਚ ਰੋਜ਼ਾਨਾ ਸਾਰੇ ਕੁਲੀ ਦੋ ਆਨੇ ਜਮਾਂ ਕਰਾਂਦੇ ਸਨ। ਮਹੀਨੇ ਵਿਚ ਚਾਰ ਸੌ ਰੁਪਈਆ ਜਮਾ ਹੋ ਜਾਂਦਾ ਸੀ, ਹੁਣ ਉਹਨਾਂ ਕੋਲ ਕਈ ਹਜ਼ਾਰ ਰੁਪਈਆ ਜਮ੍ਹਾਂ ਹੋ ਗਿਆ ਸੀ। ਏਥੋਂ ਕੁਝ ਦੂਰ ਉਹਨਾਂ ਨੇ ਇਕ ਸਾਂਝਾ ਖੇਤੀ ਦਾ ਫ਼ਾਰਮ ਸ਼ੁਰੂ ਕੀਤਾ ਹੈ। ਸੁਖਰਾਜ ਉਹਨਾਂ ਦਾ ਪਰਧਾਨ ਹੈ, ਤੇ ਉਹ ਫ਼ਾਰਮ ਬੜੀ ਕਾਮਯਾਬੀ ਨਾਲ ਚਲ ਰਿਹਾ ਹੈ – ਪੰਦਰਾਂ ਵੀਹ ਕੁਲੀ ਏਥੋਂ ਦੇ ਉਹ ਨਾਲ ਲੈ ਗਿਆ ਹੈ, ਤੇ ਏਥੋਂ ਦੇ ਬਾਕੀ ਕੁਲੀ ਵੀ ਉਸ ਫ਼ਾਰਮ ਦੇ ਮੈਂਬਰ ਹਨ। ਉਸੇ ਤਰ੍ਹਾਂ ਫ਼ੰਡ ਜਮਾਂ ਕਰਦੇ ਹਨ। ਵਾਰੀ ਵਾਰੀ ਫ਼ਾਰਮ ਉੱਤੇ ਵੀ ਜਾਂਦੇ ਹਨ।

ਪ੍ਰਭਾ ਮੁੜ ਆਈ, ਸੋਚਿਆ ਕਦੇ ਫੇਰ ਉਸ ਫ਼ਾਰਮ ਉੱਤੇ ਜਾਇਗੀ। ਸਟੇਸ਼ਨ ਮਾਸਟਰ ਨੂੰ ਉਸ ਨੇ ਆਪਣਾ ਪਤਾ ਦਿੱਤਾ ਸਟੇਸ਼ਨ ਮਾਸਟਰ ਸੁਣ ਕੇ ਬੜਾ ਖ਼ੁਸ਼ ਹੋਇਆ ਕਿ ਉਹੀ ਅੰਮ੍ਰਿਤਸਰ ਦੀ ਦੇਸ਼-ਪ੍ਰਸਿਧ ਸਾਈਕੋ-ਅਨੈਲਿਸਟ (ਦਿਲ ਦੇ ਮੁਤਾਲਿਆਂ ਨਾਲ ਇਲਾਜ ਕਰਨ ਵਾਲੀ) ਡਾਕਟਰ ਤੇ ਹਿੰਦੁਸਤਾਨ ਦੀ ਫਲਾਰੈਂਸ ਨਾਈਟਿੰਗੇਲ ਸੀ।

ਪ੍ਰਭਾ ਨੂੰ ਵਾਪਸ ਪੁਜਿਆਂ ਅਜੇ ਹਫ਼ਤਾ ਨਹੀਂ ਹੋਇਆ ਹੋਣਾ, ਕਿ ਸਹਾਰਨ ਪੁਰ ਦੇ ਸਟੇਸ਼ਨ ਮਾਸਟਰ ਦੀ ਤਾਰ ਆ ਗਈ: "ਸੁਖਰਾਜ ਘੋੜੇ ਤੋਂ ਡਿਗ ਪਿਆ, ਬੜੀਆਂ ਸਟਾਂ ਲਗੀਆਂ, ਜੇ ਆ ਸਕੋ।"

ਸੁਖਰਾਜ ਦੀ ਸੱਜੀ ਤੇ ਖੱਬੀ ਲੱਤ ਦੋਵੇਂ ਟੁਟ ਗਈਆਂ ਸਨ। ਸਿਰ ਉੱਤੇ ਵੀ ਬੜੀਆਂ ਸੱਟਾਂ ਲਗੀਆਂ। ਉਥੇ ਡਾਕਟਰ ਸਦਣਾ ਵਿਅਰਥ ਸੀ। ਲਾਰੀ ਵਿਚ ਪਾ ਕੇ ਸੁਖਰਾਜ ਨੂੰ ਸਹਾਰਨ ਪੁਰ ਦੇ ਵਡੇ ਹਸਪਤਾਲ ਵਿਚ ਲਿਆਂਦਾ ਗਿਆ। ਉਹਦੇ ਸਾਥੀ ਉਹਦੇ ਉੱਤੋਂ ਸਭ ਕੁਝ ਵਾਰ ਸਕਦੇ ਸਨ। ਇਕ ਸਪੈਸ਼ਲ ਵਾਰਡ ਵਿਚ ਥਾਂ ਲਈ ਗਈ, ਹਸਪਤਾਲ ਦੀ ਸਭ ਲਾਲਚੀ ਫ਼ੌਜ ਨੂੰ ਰੁਪਏ ਦਿੱਤੇ ਗਏ। ਸਭ ਅਮਲਾ ਹੁਣ ਮੁਲ ਖਰੀਦੇ ਗੋਲਿਆਂ ਵਾਂਗ ਹਰਲ ਹਰਲ ਕਰਦਾ ਸੀ, ਕੀ ਮਿਹਤਰ ਤੇ ਕੀ ਵਡਾ

ਡਾਕਟਰ।

ਲੋੜ ਸੀ ਤੇ ਚੰਗੀ ਨਰਸ ਦੀ। ਉਹਨਾਂ ਸਟੇਸ਼ਨ ਮਾਸਟਰ ਕੋਲੋਂ ਸਲਾਹ ਪੁਛੀ ਕਿ ਲਾਹੌਰੋਂ ਨਰਸ ਮੰਗਾਈ ਜਾਏ ਪਰ ਸਟੇਸ਼ਨ ਮਾਸਟਰ ਨੂੰ ਮਿਸਿਜ਼ ਗੁਪਤਾ ਦਾ ਖ਼ਿਆਲ ਆ ਗਿਆ। ਇਹ ਵੀ ਯਾਦ ਆ ਗਿਆ ਕਿ ਉਹਦੇ ਹਮਦਰਦ ਦਿਲ ਵਿਚ ਸੁਖਰਾਜ ਦੇ ਕੰਮਾਂ ਤੇ ਸੁਖਰਾਜ ਦੀ ਸ਼ਖ਼ਸੀਅਤ ਦੀ ਬੜੀ ਕਦਰ ਸੀ। ਉਹਦੇ ਹਥਾਂ ਵਿਚ ਸ਼ਿਫ਼ਾ ਵੀ ਆਖਦੇ ਸਨ। ਉਸ ਉਹਨੂੰ ਤਾਰ ਦਿੱਤੀ।

ਤੇ ਉਹਦਾ ਅਨੁਮਾਨ ਵੀ ਗ਼ਲਤ ਨਹੀਂ ਸੀ। ਪਹਿਲੀ ਗਡੀ ਪ੍ਰਭਾ ਪਹੁੰਚ ਗਈ। ਸਟੇਸ਼ਨ ਮਾਸਟਰ ਉਹਨੂੰ ਹਸਪਤਾਲ ਲੈ ਗਿਆ। ਡਾਕ-ਟਰਾਂ ਨਾਲ ਮੁਲਾਕਾਤ ਕੀਤੀ। ਉਹਦੀ ਸ਼ੁਹਰਤ ਉਹਨਾਂ ਵੀ ਪੜ੍ਹੀ ਸੁਣੀ ਹੋਈ ਸੀ। ਉਹਨਾਂ ਨੇ ਰੋਗੀ ਦੇ ਨਰਸਿੰਗ ਦਾ ਚਾਰਜ ਪ੍ਰਭਾ ਨੂੰ ਦੇ ਦਿੱਤਾ।

ਜਿਹੜੀ ਗਲ ਉਥੇ ਹਰ ਕਿਸੇ ਦਾ ਮਨ ਮੋਂਹਦੀ ਸੀ ਉਹ ਸੁਖਰਾਜ ਦੇ ਸਾਥੀਆਂ ਦਾ ਹਿਤ, ਦਰਦ, ਵਫ਼ਾ ਤੇ ਕੁਰਬਾਨ ਹੋਣ ਦੀਆਂ ਇਛਾਆਂ ਸਨ। ਐਉਂ ਜਾਪਦਾ ਸੀ ਜੀਕਰ ਜਾਨ ਦੇ ਬਦਲੇ ਜਾਨ ਦੇ ਕੇ ਆਪਣੇ ਮਿੱਤਰ ਪਰਧਾਨ ਨੂੰ ਬਚਾਣ ਲਈ ਉਨ੍ਹਾਂ ਵਿਚੋਂ ਕਈ ਤਿਆਰ ਸਨ। ਪ੍ਰਭਾ ਵੀ ਜਿਉਂ ਜਿਉਂ ਸੁਖਰਾਜ ਦੀਆਂ ਗਲਾਂ ਸੁਣਦੀ ਸੀ, ਉਹਦੇ ਸਾਥੀਆਂ ਦੀ ਸੈਨਾ ਵਿਚ ਸ਼ਾਮਲ ਹੁੰਦੀ ਜਾਂਦੀ ਸੀ। ਉਹ ਵੀ ਆਪਣੀ ਜਿੰਦ ਦੇ ਕੇ ਉਹਨੂੰ ਬਚਾ ਲੈਣਾ ਕੋਈ ਵਡੀ ਕੁਰਬਾਨੀ ਨਹੀਂ ਸੀ ਸਮਝਦੀ।

ਤੇ ਸਾਰੇ ਆਖਦੇ ਸਨ, ਡਾਕਟਰ ਵੀ ਮੰਨਦੇ ਸਨ ਕਿ ਜਿਹੜਾ ਆਰਾਮ ਸੁਖਰਾਜ ਨੂੰ ਆਇਆ ਸੀ, ਇਹ ਦਵਾਈਆਂ ਨਾਲ ਨਹੀਂ, ਨਰਸਿੰਗ ਨਾਲ ਆਇਆ ਸੀ। ਸੁਖਰਾਜ ਨੂੰ ਲੋੜ ਹੀ ਨਰਸਿੰਗ ਦੀ ਸੀ, ਤੇ ਪ੍ਰਭਾ ਦੀਆਂ ਉਂਗਲਾਂ ਵਿਚ ਕੁਦਰਤ ਨੇ ਇਹਸਾਸਾਂ ਦਾ ਇਹੋ ਜਿਹਾ ਇਕੱਠ ਕੀਤਾ ਸੀ, ਕਿ ਸੂਈਆਂ ਵਿਧੀ ਜਿੰਦ ਵੀ ਉਹਦੇ ਹਥੋਂ ਦੁਖ ਨਹੀਂ ਸੀ ਸਕਦੀ, ਸਗੋਂ ਜਿਥੇ ਉਹਦੇ ਦਰਦਾਂ ਭਰੇ ਪੋਟੇ ਛੁਹਦੇ ਸਨ, ਸਾਰਾ ਦਰਦ ਆਪਣੇ ਵਿਚ ਖਿਚ ਲੈਂਦੇ ਤੇ ਸੁਖਾ ਜਾਂਦੇ ਸਨ।

ਦਸਾਂ ਦਿਨਾਂ ਬਾਅਦ ਸੁਖਰਾਜ ਖ਼ਤਰੇ ਤੋਂ ਬਾਹਰ ਆਖਿਆ ਗਿਆ। ਫ਼ਾਰਮ ਉੱਤੇ ਬੜੀਆਂ ਖ਼ੁਸ਼ੀਆਂ ਕੀਤੀਆਂ ਗਈਆਂ, ਸਟੇਸ਼ਨ ਉੱਤੇ ਕੁਲੀਆਂ ਨੇ ਗ਼ਰੀਬਾਂ ਦਾ ਅਸਬਾਬ ਮੁਫ਼ਤ ਚੁੱਕਿਆ ਤੇ ਬੜੀਆਂ ਵਧਾ-ਈਆਂ ਲਈਆਂ।

ਪਰ ਸੁਖਰਾਜ ਖ਼ੁਸ਼ ਨਹੀਂ ਸੀ। ਇਕ ਤੇ ਪ੍ਰਭਾ ਉਸੇ ਦਿਨ ਦੋ ਰਾਤਾਂ ਲਈ ਅਮ੍ਰਿਤਸਰ ਚਲੀ ਗਈ। ਉਹ ਆਖਦੀ ਸੀ ਕਿ ਉਹ ਏਨਾ ਬਹੁਤਾ ਚਿਰ ਬਾਹਰ ਨਹੀਂ ਰਹਿ ਸਕਦੀ ਸੀ, ਉਹਦੇ ਕਈ ਕੰਮ ਤੇ ਕਈ ਦੁਖੀਏ ਉਹਦੇ ਸੁਪਨਿਆਂ ਨੂੰ ਮੱਲੀ ਰਖਦੇ ਸਨ।

ਦੂਜੀ ਗਲ ਇਹ ਕਿ ਸੁਖਰਾਜ ਦਾ ਦਿਲ ਉਸ ਤਰ੍ਹਾਂ ਅਡੋਲ ਨਹੀਂ ਸੀ, ਜੀਕਰ ਇਹ ਪਿਛਲੇ ਚਾਰ ਵਰ੍ਹੇ ਰਿਹਾ ਸੀ। ਉਹਨੇ ਦਿਲ ਵਿਚ ਕੋਈ ਯਾਦ ਸਾਂਭੀ ਹੋਈ ਸੀ, ਜਿਦ੍ਹੇ ਆਸਰੇ ਉਹ ਕਿਸੇ ਇਸਤ੍ਰੀ ਵਲ ਤਕਦਾ ਨਹੀਂ ਸੀ ਹੁੰਦਾ, ਤੇ ਆਪਣੀ ਵਫ਼ਾ ਵਿਚ ਮਸਤ ਸਾਥੀਆਂ ਦੇ ਸੁਖਾਂ ਲਈ ਰੁੱਝਾ ਚੰਗੀ ਸੁਖਾਲੀ ਦਿਨ ਕਟੀ ਕਰ ਰਿਹਾ ਸੀ।

ਪਰ ਇਸ ਨਰਸ ਨੇ ਕੁਝ ਡਾਵਾਂ ਡੋਲ ਕਰ ਦਿੱਤਾ। ਮਨੁਖ-ਦਿਲ ਕਦੇ ਇਕ ਸਾਰ ਤਕੜਾ ਨਹੀਂ ਰਹਿ ਸਕਦਾ। ਸੁਖਰਾਜ ਦੇ ਦਿਲ ਦੇ ਕਿਲ੍ਹੇ ਵਿਚ ਇਸ ਨਰਸ ਨੇ ਕਈ ਛੇਕ ਕਰ ਦਿੱਤੇ। ਹਥ ਘੁਟ ਘੁਟ ਕੇ, ਅੱਖਾਂ ਵਿਚ ਆਸ ਮੁਸਕਰਾ ਕੇ, ਅਨਦਿੱਸੀਆਂ ਮਰਜ਼ੀਆਂ ਪੂਰੀਆਂ ਕਰ ਕਰ ਕੇ ਇਸ ਨਰਸ ਨੇ ਦਸਾਂ ਦਿਨਾਂ ਵਿਚ ਹੀ ਸੁਖਰਾਜ ਦੇ ਦਿਲ-ਮੰਦਰ ਵਿਚ ਕਈ ਵਰ੍ਹੇ ਪੂਜੇ ਬੁਤ ਦੀ ਥਾਂ ਹਿਲਾ ਦਿੱਤੀ।

ਸੁਖਰਾਜ ਇਸ ਲਈ ਨਾ-ਖ਼ੁਸ਼ ਸੀ। ਉਹ ਵਫ਼ਾਦਾਰ ਰਹਿਣਾ ਚਾਹੁੰਦਾ ਸੀ। ਉਹ ਆਪਣੀ ਪਹਿਲੀ ਪ੍ਰੀਤ ਨੂੰ ਨਿਭਾਣਾ ਚਾਹੁੰਦਾ ਸੀ। ਉਹਨੂੰ ਕਿਸੇ ਹੋਰ ਦੀ ਇੱਛਾ ਨਹੀਂ ਸੀ। ਪਰ ਪਤਾ ਨਹੀਂ ਇਸ ਮਨੁਖੀ ਢਾਂਚੇ ਵਿਚ ਇਕ ਹੀ ਵਸੋਂ ਰਹਿੰਦੀ ਹੈ ਕਿ ਬਹੁਤੀਆਂ। ਇਕੋ ਆਦਮੀ ਦੋ ਮਰ-ਜ਼ੀਆਂ ਕੀਕਰ ਰਖ ਸਕਦਾ ਹੈ? ਸੁਖਰਾਜ ਚਾਹੁੰਦਾ ਹੈ, ਕੋਈ ਇਹ ਕਰ ਦੇਵੇ ਕਿ ਇਹ ਨਰਸ ਉਹਨੂੰ ਇਉਂ ਨਾ ਲੱਗੇ ਜੀਕਰ ਉਹ ਲਗ ਰਹੀ ਹੈ,

ਉਹ ਇਹਦੀ ਵਾਪਸੀ ਦੀਆਂ ਘੜੀਆਂ ਇਉਂ ਨਾ ਉਡੀਕੇ ਜੀਕਰ ਉਹ ਉਡੀਕ ਰਿਹਾ ਹੈ।

ਪਰ ਜੇ ਉਹ ਇਹ ਸਭ ਕੁਝ ਆਪ ਹੀ ਕਰ ਰਿਹਾ ਹੈ, ਤਾਂ ਛਡ ਕਿਉਂ ਨਹੀਂ ਦੇਂਦਾ। ਇਹ ਸੌਖਾ ਜਿਹਾ ਸਵਾਲ ਨਹੀਂ, ਇਸ ਸਵਾਲ ਦੇ ਹਲ ਉੱਤੇ ਹਜ਼ਾਰਾਂ ਕਿਤਾਬਾਂ ਲਿਖੀਆਂ ਗਈਆਂ ਹਨ, ਇਸ ਅੰਤਰ ਜੱਦੋ-ਜਹਿਦ ਦਾ ਕਿਸੇ ਨੂੰ ਇਲਾਜ ਨਹੀਂ ਮਿਲਿਆ।

"ਪਰ ਆਂਹਦੇ ਨੇ, ਇਹ ਨਰਸ ਇਹੋ ਜਿਹੇ ਇਲਾਜ ਕਰਦੀ ਹੈ – ਫ਼ਿਟ, ਗ਼ਸ਼ਾਂ, ਹਿਸਟੀਰੀਆ ਹਟਾ ਦੇਂਦੀ ਹੈ – ਅੱਥਰੇ ਬਚਿਆਂ ਨੂੰ ਠੀਕ ਕਰ ਦੇਂਦੀ ਹੈ – ਆਵੇ ਤਾਂ ਇਸੇ ਨੂੰ ਆਪਣਾ ਦਿਲ ਦੱਸਾਂਗਾ, ਇਸੇ ਨੂੰ ਆਖਾਂਗਾ, ਕਿਸੇ ਤਰ੍ਹਾਂ ਮੇਰੇ ਦਿਲ ਵਿਚੋਂ ਬਾਹਰ ਨਿਕਲ ਜਾਇ – ਮੈਂ – ਆਪਣੀ – ਆਪਣੀ – ਦੇ ਛੁਟ ਕਿਸੇ ਹੋਰ ਨੂੰ ਏਥੇ ਥਾਂ ਨਹੀਂ ਦੇਣਾ ਚਾਹੁੰਦਾ।"

ਇਹੀ ਖ਼ਿਆਲ ਸੁਖਰਾਜ ਸੋਚਦਾ ਸੀ। ਉਹਦੇ ਸਾਥੀ ਹੈਰਾਨ ਸਨ, ਕਿ ਸੁਖਰਾਜ ਅਗੇ ਕਦੇ ਵੀ ਇਸ ਤਰ੍ਹਾਂ ਆਪਣੇ ਖ਼ਿਆਲਾਂ ਵਿਚ ਗ਼ਰਕ ਨਹੀਂ ਸੀ ਹੋਇਆ – ਜਦੋਂ ਕੋਈ ਉਹਦੇ ਕਮਰੇ ਵਿਚ ਆਉਂਦਾ ਹੁੰਦਾ ਸੀ, ਉਹ ਸਭ ਪਾਸਿਓਂ ਖ਼ਿਆਲ ਹਟਾ ਕੇ ਆਉਣ ਵਾਲੇ ਵਲ ਧਿਆਨ ਦੇਂਦਾ ਸੀ। ਹੁਣ ਕਈ ਆਦਮੀ ਮਿਲਣ ਆਉਂਦੇ ਸਨ, ਜਿਨ੍ਹਾਂ ਦਾ ਉਹਨੂੰ ਚੇਤਾ ਵੀ ਨਹੀਂ ਸੀ ਰਹਿੰਦਾ।

ਪ੍ਰਭਾ ਆ ਗਈ। ਸੁਖਰਾਜ ਦੇ ਚਿਹਰੇ ਉੱਤੇ ਹੋਰ ਹੀ ਰੰਗ ਆ ਗਿਆ। ਸਾਰਿਆਂ ਨੂੰ ਇਹ ਫ਼ਰਕ ਦਿੱਸ ਰਿਹਾ ਸੀ।

ਸ਼ਾਮ ਨੂੰ ਜਦੋਂ ਮਿਲਣ ਵਾਲੇ ਸਭ ਟੁਰ ਜਾਂਦੇ ਸਨ, ਸੁਖਰਾਜ ਪ੍ਰਭਾ ਨੂੰ ਕਹਿੰਦਾ ਹੁੰਦਾ ਸੀ, ਕਿ ਉਹ ਉਹਦੇ ਹਥ ਘੁੱਟੇ, ਕਿਉਂਕਿ ਉਹਦੇ ਘੁੱਟਣ ਨਾਲ ਉਹਨੂੰ ਬੜਾ ਸੁਖ ਮਿਲਦਾ ਸੀ। ਅਜ ਜਦੋਂ ਉਹ ਘੁਟ ਰਹੀ ਸੀ, ਤਾਂ ਉਸ ਪੁੱਛਿਆ :

"ਮੈਨੂੰ ਪਤਾ ਲਗਾ ਹੈ ਕਿ ਤੁਸੀ ਇਸ ਹਸਪਤਾਲ ਦੀ ਨਰਸ ਨਹੀਂ,

ਤੁਸੀ ਪੰਜਾਬੋਂ ਆਏ ਹੋ – ਤੇ ਤੁਹਾਨੂੰ ਮਨੁਖ ਹਿਰਦੇ ਦੀ ਵੀ ਕੁਝ ਵਾਕਫੀ-ਅਤ ਹੈ –"

"ਹਾਂ – ਕੁਝ ਹੈ ਤੇ ਸਹੀ –" ਪ੍ਰਭਾ ਮੁਸਕਰਾਈ।

"ਫੇਰ ਦੱਸੋ ਤੁਹਾਡੇ ਹਥ ਘੁਟਿਆਂ ਮੈਨੂੰ ਸੁਖ ਕਿਉਂ ਮਿਲਦਾ ਹੈ ?" ਸੁਖਰਾਜ ਨੇ ਪੁੱਛਿਆ।

"ਕਿਉਂਕਿ ਮੈਂ ਆਪਣਾ ਸੁਖ ਇਨ੍ਹਾਂ ਪੋਟਿਆਂ ਰਾਹੀਂ ਤੁਹਾਨੂੰ ਭੇਜਦੀ ਹਾਂ – ਮੇਰੀਆਂ ਇਛਾਆਂ ਤੁਹਾਡੇ ਅੰਦਰ ਜਾ ਕੇ ਸੁਖ ਪੈਦਾ ਕਰਦੀਆਂ ਹਨ।" ਪ੍ਰਭਾ ਨੇ ਉੱਤਰ ਦਿੱਤਾ।

"ਮੈਂ ਤੁਹਾਨੂੰ ਪਿਆਰ ਕਰਨਾ ਨਹੀਂ ਚਾਹੁੰਦਾ, ਪਰ ਤੁਸੀ ਮੈਨੂੰ ਕਿਉਂ ਪਿਆਰੇ ਲਗਦੇ ਹੋ ?" ਸੁਖਰਾਜ ਨੇ ਪੁੱਛਿਆ।

"ਇਹਦਾ ਉੱਤਰ ਵੀ ਮੈਂ ਦੇ ਸਕਦੀ ਹਾਂ, ਪਰ ਉਸ ਤੋਂ ਪਹਿਲੋਂ ਮੈਨੂੰ ਤੁਹਾਡੇ ਮਨ ਦੀ ਹਿਸਟਰੀ ਸੁਣਨੀ ਪਵੇਗੀ।" ਪ੍ਰਭਾ ਨੇ ਆਖਿਆ।

"ਜੇ ਮੇਰਾ ਇਲਾਜ ਕਰ ਸਕੋ – ਮੈਨੂੰ ਇਸ ਅੰਤਰ-ਖਿਚੋਤਾਣ ਤੋਂ ਛੁਟਕਾਰਾ ਦੇ ਸਕੋ, ਤਾਂ ਮੈਂ ਇਹ ਹਿਸਟਰੀ ਵੀ ਸੁਣਾ ਸਕਦਾ ਹਾਂ – ਪਰ ਤੁਸੀ ਡਾਕਟਰ ਹੋ – ਮੇਰੀ ਹਿਸਟਰੀ ਭੇਤਾਂ ਭਰੀ ਹੈ – ਮੇਰੇ ਭੇਤ ਮੇਰੀ ਜ਼ਿੰਦਗੀ ਹਨ – ਤੁਹਾਨੂੰ ਆਪਣੇ ਅੰਦਰ ਹੀ ਰਖਣ ਦਾ ਇਕਰਾਰ ਦੇਣਾ ਪਵੇਗਾ।"

"ਇਹ ਇਕਰਾਰ ਰੋਗੀ ਤੇ ਡਾਕਟਰ ਦੀ ਮੰਨੀ ਹੋਈ ਸ਼ਰਤ ਹੈ – ਉਚੇਚ ਦੀ ਲੋੜ ਨਹੀਂ, ਜੇ ਭਰੋਸਾ ਕਰ ਸਕਦੇ ਹੋ ਤਾਂ ਮੈਂ ਸੁਣਨ ਲਈ ਹਾਜ਼ਰ ਹਾਂ" ਪ੍ਰਭਾ ਨੇ ਸੁਖਰਾਜ ਦੇ ਦੋਵੇਂ ਹਥ ਇਕੱਠੇ ਕਰ ਕੇ ਆਪਣੇ ਹਥਾਂ ਵਿਚ ਜੋੜ ਲਏ।

ਇਹ ਹਥ ਜੁੜਨੀ ਮਾਨੋ ਬਿਜਲੀ ਦੇ ਪੋਲਾਂ ਦੀ ਜੁੜਨੀ ਸੀ। ਸੁਖਰਾਜ ਦੀ ਆਤਮਾ ਲਿਸ਼ਕ ਪਈ। ਪ੍ਰਭਾ ਦੇ ਮੁਖ ਉੱਤੇ ਵੀ ਰੋਸ਼ਨੀ ਸੀ।

"ਓ ਮਿਠੀ ਨਰਸੀ, ਆਖੋ ਤੇ ਇਹ ਹਥ ਮੈਂ ਬੁਲ੍ਹਾਂ ਨਾਲ ਲਾ ਲਵਾਂ।" ਸੁਖਰਾਜ ਨੇ ਪੁਛਿਆ।

"ਜੀਕਰ ਚਾਹੋ – ਪਰ ਇਹੋ ਜਿਹੀ ਹਰੇਕ ਹਰਕਤ ਤੁਹਾਡੇ ਇਲਾਜ ਨੂੰ ਕਠਨ ਬਣਾ ਦੇਵੇਗੀ – ਤੁਸੀ ਚਾਹੁੰਦੇ ਹੋ, ਤੁਸੀ ਮੈਨੂੰ ਪਿਆਰ ਨਾ ਕਰ ਸਕੋ – ਮੇਰੀ ਸਹਾਇਤਾ ਮੰਗਦੇ ਹੋ – ਪਰ –"

"ਪਰ ਮੈਨੂੰ ਇਕ ਵਾਰੀ ਇਹ ਹਥ ਚੁੰਮ ਲੈਣ ਦਿਉ" ਸੁਖਰਾਜ ਨੇ ਬੁਲ੍ਹਾਂ ਉਤੇ ਜੋੜ ਕੇ ਆਖਿਆ – "ਜਿਥੇ ਤੁਸੀ ਸਾਰੇ ਆਪਣੇ ਆਪ ਨੂੰ ਮੇਰੇ ਅੰਦਰੋਂ ਕੱਢੋਗੇ, ਉਥੇ ਹੀ ਇਹ ਮਸੂਮ ਜਿਹੇ ਹਥ ਵੀ ਮੇਰੇ ਬੁਲ੍ਹਾਂ ਨਾਲੋਂ ਧਰੂ ਲੈਣੇ।"

ਸੁਖਰਾਜ ਤੇ ਪ੍ਰਭਾ ਦੋਵੇਂ ਹਸ ਪਏ। ਤੇ ਫੇਰ ਪ੍ਰਭਾ ਨੇ ਰੋਗੀ ਨੂੰ ਆਪਣੇ ਮਨ ਦੀ ਹਿਸਟਰੀ ਸੁਣਾਣ ਲਈ ਆਖਿਆ, ਤਾਕਿ ਇਲਾਜ ਛੇਤੀ ਕੀਤਾ ਜਾ ਸਕੇ।

"ਨਰਸੀ – ਮੇਰਾ ਮਨ ਬਿਲਕੁਲ ਅਡੋਲ ਰਿਹਾ ਹੈ – ਸਿਰਫ ਇਕ ਵਾਰੀ ਅਗੇ ਇਹ ਡੋਲਿਆ ਸੀ, ਜਦੋਂ ਮੈਂ ਇਕ ਚੰਗੀ ਇਸਤ੍ਰੀ ਦਾ ਗੁਆਚਾ ਅਸਬਾਬ ਲੱਭ ਕੇ ਦਿੱਤਾ ਸੀ। ਮੈਂ ਉਹਦੇ ਵਲ ਚੰਗੀ ਤਰ੍ਹਾਂ ਵੇਖਿਆ ਨਹੀਂ ਸੀ, ਕਿਉਂਕਿ ਮੈਂ ਘਟ ਹੀ ਇਸਤ੍ਰੀਆਂ ਵਲ ਵੇਖਦਾ ਹਾਂ – ਮੇਰੇ ਅੰਦਰ ਇਕ ਇਸਤ੍ਰੀ ਹੈ, ਮੇਰਾ ਮਨ ਉਸ ਇਸਤ੍ਰੀ ਨੇ ਪੂਰੀ ਤਰ੍ਹਾਂ ਮੱਲਿਆ ਹੋਇਆ ਸੀ – ਪਰ ਤੁਸੀ ਵਿਚ ਆ ਗਏ ਹੋ – ਮੇਰਾ ਸਾਰਾ ਟਿਕਾਣਾ ਹਿਲ ਗਿਆ ਹੈ..............." ਐਤਕੀਂ ਸੁਖਰਾਜ ਨੇ ਅਗੇ ਵਾਂਗ ਚੌਹਾਂ ਹਥਾਂ ਨੂੰ ਇਕੱਠਾ ਕਰ ਲਿਆ।

"ਤੁਸੀ ਜਿੜੀ ਛੇਤੀ ਆਪਣਾ ਹਾਲ ਦੱਸੋਗੇ, ਉੜੀ ਛੇਤੀ ਹੀ ਮੈਂ ਤੁਹਾਡਾ ਇਲਾਜ ਕਰ ਦਿਆਂਗੀ।" ਪ੍ਰਭਾ ਨੇ ਸੁਖਰਾਜ ਦੇ ਹਥ ਛਡ ਕੇ ਆਖਿਆ।

"ਕੀ ਇਲਾਜ ਕਰੋਗੇ?"

"ਤੁਹਾਡੇ ਦਿਲ ਵਿਚੋਂ ਏਸ ਨਰਸੀ ਨੂੰ ਕੱਢ ਦਿਆਂਗੀ।"

"ਨਾ – ਨਾ – ਸਚੀ ਮੁਚੀ ਉਸੇ ਤਰ੍ਹਾਂ ਨਾ ਕਰ ਦੇਣਾ, ਜੀਕਰ ਮੈਂ ਆਂਹਦਾ ਹਾਂ –" ਸੁਖਰਾਜ ਨੇ ਫੇਰ ਹਥ ਫੜ ਲਏ।

"ਮੇਰਾ ਖ਼ਿਆਲ ਹੈ, ਇਹੀ ਤੁਹਾਡੀ ਮੰਗ ਸੀ।"

"ਤੁਸੀ ਸਮਝੇ ਨਹੀਂ – ਮੇਰੀ ਮੰਗ ਸੀ,, ਮੇਰੀ ਇਹ ਖੁਤ-ਖੁਤੀ ਕਿਸੇ ਤਰ੍ਹਾਂ ਹਟਾ ਦਿਉ –"

"ਤੁਸੀ ਕੁਝ ਫਿਰ ਗਏ – ਪਰ ਸੁਖ, ਤੁਸੀ ਆਪਣੀ ਹਿਸਟਰੀ ਛੇਤੀ ਸੁਣਾਉ।"

"ਮੈਂ ਵਿਸਥਾਰ ਨਾਲ ਨਹੀਂ ਸੁਣਾ ਸਕਦਾ – ਦਰਦਾਂ ਭਰੀ ਹੈ – ਤੇ ਮੈਂ ਔਖਾ ਹੋ ਜਾਵਾਂਗਾ ਤੇ ਨਾਲੇ ਮੈਂ ਅਗੇ ਕਦੇ ਇਹ ਕਹਾਣੀ ਮੂੰਹੋਂ ਕਢੀ ਨਹੀਂ - ਸੁਣੋ ਨਰਸੀ ਜੀ – ਮੈਂ ਫਾਂਸੀ ਦਾ ਮਾਲ ਹਾਂ – ਛੁਪਿਆ ਫਿਰਦਾ ਹਾਂ – ਸਰਕਾਰੀ ਰਜਿਸਟਰਾਂ ਵਿਚ ਮੁਰਦਾ ਹਾਂ, ਪਰ ਜਿਸ ਮਰਨਾ ਸੀ ਉਹ ਮੋਇਆ ਨਹੀਂ, ਜਿਸ ਜਿਊਣਾ ਸੀ, ਉਹ ਮਰ ਗਈ। ਮੁਜ਼ਫਰ ਪੁਰ ਜਿਹਲ ਵਿਚ ਕੈਦ ਸਾਂ – ਭੁਚਾਲ ਆਇਆ, ਸਭ ਕੈਦੀ ਦਬ ਘੱਤੇ – ਕਈ ਨਿਕਲ ਆਏ, ਹੋਰਨਾਂ ਕਈਆਂ ਨੂੰ ਕੱਢਿਆ – ਮਿਲਾਪ ਦਾ ਲਾਲਚ ਉਥੋਂ ਨਸਾ ਲਿਆਇਆ – ਅਸਾਂ ਆਪਣੇ ਨੰਬਰ ਮੁਰਦਿਆਂ ਦੇ ਗਲ ਪਾ ਦਿਤੇ ਤੇ ਉਨ੍ਹਾਂ ਦੇ ਲਾਹ ਕੇ ਨਾਲ ਲੈ ਆਏ – ਉਥੋਂ ਨਸ ਕੇ ਮੈਂ ਏਥੇ ਕੁਲੀ ਆ ਭਰਤੀ ਹੋਇਆ – ਕੁਝ ਮਹੀਨਿਆਂ ਬਾਅਦ ਮੈਂ ਮੁਜ਼ਫਰ ਪੁਰ ਗਿਆ– ਉਸ ਪ੍ਰਭਾ ਨੂੰ ਵੇਖਣ ਲਈ ਜਿਸ ਮੇਰੀ ਇਕ ਰਾਤ ਨੂੰ ਸੁਖਾਲਿਆਂ ਕਰਨ ਲਈ ਆਪਣੀ ਜਗਮਗਾਉਂਦੀ ਜ਼ਿੰਦਗੀ ਰਾਤ ਬਣਾ ਲਈ ਸੀ। ਉਸ ਜਾਣ ਬੁਝ ਕੇ ਮੌਤ ਦੇ ਗਰਾਸ ਨਾਲ ਵਿਆਹ-ਬਰਤ ਲੈ ਲਿਆ।............ ਪਰ ਪਤਾ ਲਗਾ ਉਹ ਦਰਿਆ ਵਿਚ ਡੁਬ ਗਈ – ਮੈਂ ਉਸੇ ਦਰਿਆ ਵਿਚ ਡੁਬਣਾ ਚਾਹਿਆ, ਪਰ ਏਥੇ ਇਨ੍ਹਾਂ ਸਾਦਾ ਦਿਲ ਕੁਲੀਆਂ ਦਾ ਇਕ ਯੂਨੀਅਨ ਮੈਂ ਬਣਾ ਗਿਆ ਸਾਂ ਤੇ ਇਨ੍ਹਾਂ ਨੂੰ ਕਈ ਆਸਾਂ ਬਨ੍ਹਵਾ ਗਿਆ ਸਾਂ – ਇਨ੍ਹਾਂ ਲਈ ਮੁੜ ਆਇਆ – ਮੈਂ ਪ੍ਰਭਾ ਦਾ ਵਫ਼ਾਦਾਰ ਰਿਹਾ ਹਾਂ – ਉਹਦੇ ਛੁਟ ਕੋਈ ਮੇਰੇ ਦਿਲ ਤਕ ਨਹੀਂ ਜਾ ਸਕਿਆ – ਛੁਟ ਉਹਦੇ ਜਿਦ੍ਹਾ ਅਸਬਾਬ ਗੁਆਚਾ ਸੀ, ਤੇ ਜਿਹੜੀ ਐਸ ਵੇਲੇ ਮੇਰੇ ਸਾਹਮਣੇ ਬੈਠੀ ਹੈ – ਹੁਣ ਕਰਾਓ ਮੇਰੀ ਖਲਾਸੀ –" ਤੇ ਸੁਖਰਾਜ ਨੇ ਅੱਖ ਚੁਕ ਕੇ ਬੁਤ ਬਣੀ ਪ੍ਰਭਾ ਵਲ ਤੱਕਿਆ।

"ਤੁਸੀ ਤੇ ਸ਼ਾਇਦ ਮੇਰੀ ਕਹਾਣੀ ਸੁਣੀ ਹੀ ਨਹੀਂ", ਸੁਖਰਾਜ ਨੇ ਪ੍ਰਭਾ ਦੇ ਹਥ ਫੇਰ ਫੜ ਲਏ।

"ਨਹੀਂ – ਚੰਗੀ ਤਰ੍ਹਾਂ ਸੁਣੀ ਹੈ – ਪਰ ਮੈਂ ਇਲਾਜ ਸੋਚ ਰਹੀ ਸਾਂ।" ਪ੍ਰਭਾ ਨੇ ਆਖਿਆ, ਜੀਕਰ ਕੋਈ ਆਪਣਾ ਇਰਾਦਾ ਇਕ ਦਮ ਪੱਕਾ ਕਰ ਲੈਂਦਾ ਹੈ।

"ਛੇਤੀ ਸੋਚੋ – ਨਰਸੀ ਜੀ – ਛੇਤੀ ਸੋਚੋ।"

ਪ੍ਰਭਾ ਉਠੀ, ਆਪਣੇ ਬੈਗ ਵਿਚੋਂ ਰੇਲਵੇ ਟਾਈਮ ਟੇਬਲ ਕਢਿਆ ਤੇ ਵੇਖ ਕੇ ਆਖਣ ਲਗੀ:

ਮੈਂ ਸੋਚ ਲਿਆ ਹੈ, ਮੈਨੂੰ ਇਕ ਦਿਨ ਤੇ ਦੋ ਰਾਤਾਂ ਦੀ ਛੁੱਟੀ ਦਿਓ, ਗੱਡੀ ਦਾ ਵੇਲਾ ਹੈ ਈ – ਮੈਂ ਪਰਸੋਂ ਸਵੇਰੇ ਆਪ ਦੇ ਕੋਲ ਪਹੁੰਚ ਜਾਵਾਂਗੀ, ਤੇ ਯਕੀਨ ਦੁਆਂਦੀ ਹਾਂ, ਤੁਹਾਨੂੰ ਆਉਂਦਿਆਂ ਸਾਰ ਨਵਾਂ ਨਰੋਇਆ ਕਰ ਦਿਆਂਗੀ।" ਪ੍ਰਭਾ ਨੇ ਬੈਗ ਸੰਭਾਲ ਕੇ ਆਖਿਆ।

"ਤੁਸੀ ਮੈਨੂੰ ਟਾਲਦੇ ਹੋ ਜਾਂ ਠੀਕ ਨਵਾਂ ਨਰੋਇਆ ਕਰ ਦਿਉਗੇ!"

"ਮੈਂ ਠੀਕ ਕਰ ਦਿਆਂਗੀ – ਸਿਰਫ਼ ਇਕ ਦਿਨ ਤੇ ਦੋ ਰਾਤਾਂ ਦੀ ਮੁਹਲਤ ਮੰਗਦੀ ਹਾਂ।"

"ਕੀ ਇਲਾਜ ਕਰ ਕੇ ਨਹੀਂ ਜਾ ਸਕਦੇ?"

"ਇਲਾਜ ਮੁਕੰਮਲ ਨਹੀਂ ਹੋਵੇਗਾ – ਵਕਤ ਥੋੜਾ ਹੈ – ਮੈਨੂੰ ਜਾਣ ਦਿਉ –"

ਤੇ ਨਾਂਹ ਨੁਕਰ ਕਰਦੇ ਸੁਖਰਾਜ ਦੇ ਹਥ ਬਦੋ ਬਦੀ ਘੁਟ ਕੇ ਸ਼ੁਭ ਇੱਛਾ ਨਾਲ ਮੁਸਕਰਾ ਕੇ ਪ੍ਰਭਾ ਚਲੀ ਗਈ।

ਸੁਖਰਾਜ ਨੂੰ ਇਹ ਤੇ ਭਰੋਸਾ ਸੀ, ਕਿ ਨਰਸੀ ਟਾਲਣ ਵਾਲੀ ਆਤਮਾ ਨਹੀਂ – ਉਹ ਆਪਣੇ ਰੋਗੀ ਨੂੰ ਅਧਵਾਟੇ ਸੁਟ ਨਹੀਂ ਸਕਦੀ, ਨਾ ਉਹ ਏਸ ਗਲੇ ਗੁੱਸੇ ਹੋ ਸਕਦੀ ਹੈ ਕਿ ਉਹਨੂੰ ਉਹ ਦਿਲ ਵਿਚ ਰਖਣਾ ਨਹੀਂ ਸੀ ਚਾਹੁੰਦਾ, ਕਿਉਂਕਿ ਉਹ ਵੇਖਦੀ ਤੇ ਹੈ ਈ ਕਿ ਸੁਖਰਾਜ ਦੇ ਰੋਮ ਰੋਮ ਵਿਚ ਉਹ ਸਮਾਂਦੀ ਜਾ ਰਹੀ ਸੀ।

"ਨਹੀਂ – ਨਹੀਂ ਮੇਰੀ ਨਰਸੀ – ਜ਼ਰੂਰ ਆਵੇਗੀ – ਮੈਨੂੰ ਨਵਾਂ ਨਰੋਇਆ ਕਰੇਗੀ ।" ਇਹੀ ਖ਼ਿਆਲ ਕਰਦਾ ਹੋਇਆ ਸੁਖਰਾਜ ਸੌਂ ਗਿਆ। ਉਹਨੂੰ ਬੜੇ ਮਿਠੇ ਮਿਠੇ ਸੁਪਨੇ ਆਏ ।

ਦੂਜਾ ਭਲਕ ਇਨ੍ਹਾਂ ਸੁਪਨਿਆਂ ਦੇ ਸੁਆਦ ਵਿਚ ਗੁਜ਼ਰ ਗਿਆ – ਤੇ ਦੂਜੀ ਰਾਤ ਹੋਰ ਸੁਪਨਿਆਂ ਦਾ ਸਦਕਾ ਸਵੇਰੇ ਸੌਣ ਦੀ ਤਿਆਰੀ ਕਰ ਲਈ।

ਚੜ੍ਹਦੀ ਸਵੇਰ ਸੁਖਰਾਜ ਨੇ ਮੂੰਹ ਹਥ ਧੋਤਾ, ਕਪੜੇ ਵਟਾਏ ਤੇ ਲੰਮਿਆਂ ਪੈ ਕੇ ਦਰਵਾਜ਼ੇ ਵਲ ਨਜ਼ਰ ਗਡ ਦਿੱਤੀ। ਘੜੀ ਹਥ ਵਿਚ ਸੀ । ਗਡੀ ਆ ਗਈ ਹੋਵੇਗੀ। ਅਧਾ ਘੰਟਾ ਉਪਰ ਹੋ ਗਿਆ। ਤਾਹੀਏਂ ਵੇਖਦਾ ਹੈ, ਬੂਹਾ ਖੁਲ੍ਹਿਆ। ਪ੍ਰਭਾ ਦੇ ਨਾਲ ਇਕ ਬੱਚਾ ਸੀ, ਜਿਹੜਾ ਓਪਰੀ ਥਾਂ ਵੇਖ ਕੇ ਸਹਿਮ ਰਿਹਾ ਸੀ। ਪ੍ਰਭਾ ਨੇ ਕੁਛੜ ਚੁਕ ਲਿਆ। ਪ੍ਰਭਾ ਸੁਖਰਾਜ ਦੇ ਕੋਲ ਕੁਰਸੀ ਤੇ ਆ ਬੈਠੀ। ਦੋਹਾਂ ਦੀਆਂ ਅਖਾਂ ਨੇ ਸੁਆਗਤ ਕਰ ਲਈ।

"ਇਹ ਬੱਚਾ ਤੁਹਾਡਾ ਹੈ ?" ਸੁਖਰਾਜ ਨੇ ਬਚੇ ਦਾ ਹੱਥ ਫੜ ਕੇ ਆਖਿਆ।

"ਹਾਂ ਜੀ – ਏਸੇ ਨੂੰ ਲੈਣ ਗਈ ਸਾਂ – ਇਹੀ ਤੁਹਾਡੇ ਇਲਾਜ ਨੂੰ ਮੁਕੰਮਲ ਕਰ ਸਕਦਾ ਸੀ – " ਪ੍ਰਭਾ ਨੇ ਆਖਿਆ।

"ਉਹ ਕੀਕਰ – ਇਲਾਜ ਮੇਰਾ ਇਹ ਕੀ ਕਰੇਗਾ – ਹੁਣ ਤੁਸੀ ਦੋ ਹੋ ਗਏ – ਇਨ੍ਹਾਂ ਦੋਹਾਂ ਨੂੰ ਕੀਕਰ ਦਿਲ ਚੋਂ ਕੱਢਾਂਗਾ – ਇਹ ਵੀ ਕੋਈ ਮੋਹਨ ਜਾਪਦਾ ਹੈ – ਕਲੇਜੇ ਧੂ ਪਾਂਦਾ ਹੈ – ਇਹਨੂੰ ਆਖੋ ਤਾਂ ਕਲੇਜੇ ਨਾਲ ਲਾ ਲਵਾਂ ?"

"ਚਿਤਰੰਜਨ ਜੀ – ਜਾਉ ਬਾਬੂ ਜੀ ਦੀ ਗੋਦੀ ਵਿਚ.........." ਪ੍ਰਭਾ ਨੇ ਬੱਚੇ ਨੂੰ ਕਿਹਾ – ਜਿਹੜਾ ਬਾਲ-ਅੱਖਾਂ ਨਾਲ ਸੁਖਰਾਜ ਨੂੰ ਪਛਾਣਨ ਦੀ ਕੋਸ਼ਸ਼ ਕਰ ਰਿਹਾ ਸੀ।

ਚਿਤਰੰਜਨ ਦਾ ਨਾਂ ਸੁਣ ਕੇ ਸੁਖਰਾਜ ਦੇ ਅਗ੍ਹਾਂ ਵਧੇ ਹਥ ਪਿਛਾਂਹ ਹਟ ਗਏ।

"ਇਹਦਾ ਕੀ ਨਾਂ ਤੁਸਾਂ ਲਿਆ ?" ਉਸ ਹਰਾਨ ਹੋ ਕੇ ਪੁੱਛਿਆ।

"ਚਿਤਰੰਜਨ।"

"ਇਹ ਤੇ ਮੇਰਾ ਨਾਮ ਹੈ।"

"ਇਹਦਾ ਵੀ ਇਹੋ ਹੈ।"

"ਇਹਦੀ ਕਿੰਨੀ ਉਮਰ ਹੈ।"

"ਸਵਾ ਤਿੰਨ ਸਾਲ।"

"ਜਦੋਂ ਮੈਂ ਪ੍ਰਭਾ ਨੂੰ ਅੰਤਲੀ ਵਾਰ ਮਿਲਿਆ ਸਾਂ — ਉਸ ਦਿਨ ਨੂੰ ਅਜ ਪੂਰੇ ਚਾਰ ਸਾਲ ਹੋ ਗਏ ਹਨ — ਇਹੀ ਸਿਆਲੇ ਦੇ ਦਿਨ ਸਨ।" ਸੁਖਰਾਜ ਕਦੇ ਮਾਂ ਵਲ ਤਕਦਾ ਸੀ, ਕਦੇ ਪੁੱਤਰ ਵਲ।

"ਨਰਸੀ ਜੀ — ਮੇਰੀ ਪ੍ਰਭਾ ਦਾ ਮੂੰਹ ਤੁਹਾਡੇ ਵਰਗਾ ਹੀ ਸੀ — ਸਿਰਫ਼ ਉਹਦੇ ਮਥੇ ਉੱਤੇ ਕੋਈ ਦਾਗ਼ ਨਹੀਂ ਸੀ, ਉਹਦਾ ਬੋਲ ਵੀ ਤੁਹਾਡੇ ਵਰਗਾ ਦਿਲ-ਧਸਨਾ ਸੀ — ਇਹ ਮੇਰਾ ਕਸੂਰ ਨਹੀਂ ਜੇ — ਇਹ ਮੇਰੀ ਬੇਵਫ਼ਾਈ ਨਹੀਂ ਜੇ — ਜੇ ਮੈਂ ਤੁਹਾਨੂੰ ਪਿਆਰ ਕਰਦਾ ਹਾਂ — ਕੀ ਜਾਣਾ ਉਹਦੇ ਭੁਲੇਖੇ ਹੀ ਇਹ ਦਿਲ ਤੁਹਾਡੇ ਨਾਲ ਪਿਆ ਜੁੜਦਾ ਹੈ — ਕੁਝ ਕਰੋ — ਛੇਤੀ ਕਰੋ — ਮੇਰੇ ਦਿਲ ਦੀਆਂ ਤੰਦਾਂ ਕਸ ਘੱਤੀਆਂ ਹਨ — ਕੋਈ ਟੁਟ ਨਾ ਜਾਏ —" ਤੇ ਉਸ ਨੇ ਚਿਤਰੰਜਨ ਨੂੰ ਬਾਹਾਂ ਵਿਚ ਘੁਟ ਲਿਆ। ਚਿਤਰੰਜਨ ਰੋ ਪਿਆ।

"ਤੁਸਾਂ ਜਾਪਦਾ ਏ — ਬਹੁਤਾ ਘੁਟ ਦਿੱਤਾ —" ਪ੍ਰਭਾ ਨੇ ਆਪਣੇ ਗਲ ਲਾ ਕੇ ਬੱਚੇ ਨੂੰ ਚੁਪ ਕਰਾਇਆ।

"ਭੁਖੇ ਦਿਲ ਵਿਚ ਸਬਰ ਮੁਕ ਗਿਆ ਜਾਪਦਾ ਹੈ — ਮੈਂ ਭੁਲ ਗਿਆ — ਮੈਨੂੰ ਖਿਮਾ ਕਰਨਾ — —"

"ਪਰ ਮੈਂ ਏਸ ਦਿਲ ਦੀਆਂ ਭੁਖਾਂ ਦੂਰ ਕਰ ਸਕਦੀ ਹਾਂ।" ਤੇ ਪ੍ਰਭਾ ਨੇ ਆਪਣੇ ਬੈਗ ਵਿਚੋਂ ਇਕ ਫ਼ੋਟੋ ਕੱਢੀ।

ਇਹ ਇਕ ਕਾਲਜ ਦੇ ਗਰੁਪ ਦੀ ਫ਼ੋਟੋ ਸੀ। ਸੁਖਰਾਜ ਨੇ ਉਹਦੇ ਵਿਚੋਂ ਆਪਣੀ ਤੇ ਪ੍ਰਭਾ ਦੀ ਫ਼ੋਟੋ ਪਛਾਣ ਲਈ। ਤੇ ਆਪਣੀ ਨਰਸੀ ਦੀਆਂ

[illegible]

[illegible]

[illegible]

[illegible]

[illegible]

[illegible]

[illegible]

ਪੂਨਾ

ਸ੍ਵੈ-ਵਾਸ਼ਨਾ ਤੋਂ ਬੇਵਸ ਹੋ ਕੇ ਅਨੇਕਾਂ ਔਖੇ ਸੰਜੋਗ ਇਸਤ੍ਰੀਆਂ ਮਰਦਾਂ ਨੇ ਬਣਾਏ ਹਨ। ਇਹ ਸੰਜੋਗ ਹੀਰ-ਰਾਂਝੇ, ਲੈਲਾ ਮਜਨੂੰ, ਸੋਹਣੀ ਮਹੀਂਵਾਲ, ਸ਼ੀਰੀਂ ਫਰਹਾਦ ਆਦਿ ਵਰਗੀਆਂ ਪ੍ਰੇਮ-ਕਹਾਣੀਆਂ ਵਿਚ ਅਮਰ ਕੀਤੇ ਗਏ ਹਨ। ਧਾਰਮਕ ਗ੍ਰੰਥਾਂ ਵਿਚ ਵੀ ਇਨ੍ਹਾਂ ਦਾ ਜ਼ਿਕਰ ਪ੍ਰਸੰਸਾ ਨਾਲ ਕੀਤਾ ਗਿਆ ਹੈ। ਪਰ ਅਸਲ ਵਿਚ ਇਹ ਸੰਜੋਗ ਕੀ ਸਨ ? ਇਸਤ੍ਰੀ-ਪ੍ਰਕ੍ਰਿਤੀ ਦੀ ਮਰਦ-ਪ੍ਰਕ੍ਰਿਤੀ ਲਈ ਕੁਦਰਤੀ ਤੜਪਣ ਤੇ ਔਖਿਆਈਆਂ ਝਾਗ ਕੇ ਆਪਣੇ ਪ੍ਰੀਤਮ ਦੀ ਪ੍ਰਾਪਤੀ। ਇਨ੍ਹਾਂ ਕਹਾਣੀਆਂ ਵਿਚ ਜਿੱਤ ਮਨੁੱਖ ਆਤਮਾ ਦੀ ਨਹੀਂ, ਮਨੁੱਖ ਪ੍ਰਕ੍ਰਿਤੀ ਦੀ ਹੈ।

ਪਰ "ਅਨਵਿਆਹੀ ਮਾਂ" ਦੀ 'ਹੀਰੋ' ਪ੍ਰਕ੍ਰਿਤੀ ਨਹੀਂ, ਮਨੁੱਖ-ਆਤਮਾ ਹੈ। ਪ੍ਰਕ੍ਰਿਤੀ ਉੱਤੇ ਮਨੁੱਖ-ਆਤਮਾ ਦੀ ਫ਼ਤਹਿ ਇਸ ਕਹਾਣੀ ਦੀ ਚੂਲ ਹੈ।

ਪ੍ਰੀਤ ਨਗਰ ਸ਼ਾਪ
੩੦ ਨਿਸਬਤ ਰੋਡ ਲਾਹੌਰ